6 ਝੂਠੇ ਹਲਫ਼ੀਆ ਬਿਆਨ ਦੇ ਆਧਾਰ 'ਤੇ ਲਿਆ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

7 ਸਾਰੇ ਦਾਖ਼ਲੇ ਆਰਜ਼ੀ ਰੂਪ ਵਿੱਚ ਯੂਨੀਵਰਸਿਟੀ ਵੱਲੋਂ ਅੰਤਿਮ ਪ੍ਰਵਾਨਗੀ 'ਤੇ ਹੀ ਦਿੱਤੇ ਜਾਣਗੇ। ਜੇਕਰ ਯੂਨੀਵਰਸਿਟੀ ਕਿਸੇ ਵਿਦਿਆਰਥੀ ਦੇ ਦਾਖ਼ਲੇ ਨੂੰ ਰੱਦ ਕਰਦੀ ਹੈ ਤਾਂ ਕਾਲਜ ਪ੍ਰਸ਼ਾਸਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਉਦਾਹਰਨ ਵਜੋਂ ਪ੍ਰਵਾਨਗੀ ਨਾ ਮਿਲਣ ਦਾ ਕਾਰਨ ਅਧੂਰੀ ਜਾਣਕਾਰੀ, ਅਧੂਰੇ/ਝੂਠੇ ਸਰਟੀਫ਼ਿਕੇਟ ਜਾਂ ਗਲਤ ਵਿਸ਼ੇ ਦੀ ਚੋਣ ਆਦਿ ਕੁਝ ਵੀ ਹੋ ਸਕਦਾ ਹੈ।

8 ਸ਼ੱਕ ਦੀ ਸੂਰਤ ਵਿੱਚ ਮਾਪਿਆਂ/ਸਰਪ੍ਰਸਤ/ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਦਾਖ਼ਲਾ ਪਾਤਰਤਾ ਬਾਰੇ ਪਹਿਲਾਂ ਹੀ ਦਫ਼ਤਰ ਤੋਂ ਪੁੱਛ-ਗਿੱਛ ਕਰਕੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣ ਤਾਂ ਜੋ ਬਾਅਦ ਵਿੱਚ ਨਕਾਰਨ ਅਤੇ ਹੋਰ ਦਿੱਕਤਾਂ ਤੋਂ ਬਚਿਆ ਜਾ ਸਕੇ ।

9 ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਉਮੀਦਵਾਰਾਂ ਲਈ ਜ਼ਰੂਰੀ ਹੈ ਕਿ ਉਹ ਹਰ ਰੋਜ਼ ਕਾਲਜ ਦਾ ਨੋਟਿਸ ਬੋਰਡ ਧਿਆਨ ਨਾਲ ਪੜ੍ਹਨ ਅਤੇ ਕਾਲਜ ਦੀ ਵੈਬਸਾਈਟ ਨੂੰ ਦੇਖਦੇ ਰਹਿਣ । ਦਾਖ਼ਲੇ ਸਬੰਧੀ ਹਰ ਇੱਕ ਜ਼ਰੂਰੀ ਸੂਚਨਾ ਕਾਲਜ ਨੋਟਿਸ ਬੋਰਡ/ ਵੈਬਸਾਈਟ 'ਤੇ ਉਪਲੱਬਧ ਕਰਵਾਈ ਜਾਂਦੀ ਹੈ।

10 ਸਬੰਧਿਤ ਕਲਾਸ ਲਈ ਯੂਨੀਵਰਸਿਟੀ ਦੁਆਰਾ ਨਿਰਧਾਰਿਤ ਸਿਲੇਬਸ ਵਿੱਚ ਦਰਜ ਸਾਰੀਆਂ ਨਿਯਮਾਂ/ਸ਼ਰਤਾਂ ਨੂੰ ਪੂਰਾ ਕਰਨ ਦੀ ਮੁਕੰਮਲ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ। ਇੱਥੇ ਇਹ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਜਾਂਦਾ ਹੈ ਕਿ ਵਿੱਦਿਅਕ ਸਾਲ ਦੌਰਾਨ ਕਿਸੇ ਵੀ ਸਮੇਂ ਯੂਨੀਵਰਸਿਟੀ ਵੱਲੋਂ ਦਾਖ਼ਲੇ ਦੀ ਪ੍ਰਵਾਨਗੀ ਨਾ ਮਿਲਣ 'ਤੇ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

11 ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਿੰਡੀਕੇਟ ਦੇ 31.8.1993 ਦੇ ਪੈਰ੍ਹਾ 2.3 ਰਾਹੀਂ ਕੀਤੇ ਫ਼ੈਸਲੇ ਅਨੁਸਾਰ ਕਾਮਰਸ, ਮੈਡੀਕਲ, ਨਾਨ-ਮੈਡੀਕਲ ਅਤੇ ਹੋਰ ਤਕਨੀਕੀ ਵਿਸ਼ਿਆਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ, ਜਿਨ੍ਹਾਂ ਨੇ ਪਹਿਲਾਂ ਮੈਟ੍ਰਿਕ ਪੱਧਰ ਤੱਕ ਪੰਜਾਬੀ ਦੀ ਪ੍ਰੀਖਿਆ ਪਾਸ ਨਹੀਂ ਕੀਤੀ ਉਨ੍ਹਾਂ ਲਈ ਆਪਣੇ ਕੋਰਸ ਦੌਰਾਨ ਮੈਟ੍ਰਿਕ ਪੱਧਰ ਤੱਕ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਿਕਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ।

12 ਜਿਨ੍ਹਾਂ ਵਿਦਿਆਰਥੀਆਂ ਦੀ ਡਿਗਰੀ ਕਲਾਸ ਵਿੱਚ ਰੀ-ਅਪੀਅਰ ਹੋਵੇ, ਉਨ੍ਹਾਂ ਨੂੰ ਅਗਲੀ ਕਲਾਸ ਵਿੱਚ ਸੀਟ ਉਪਲੱਬਧ ਹੋਣ 'ਤੇ ਯੂਨੀਵਰਸਿਟੀ ਨਿਯਮਾਂ ਅਧੀਨ ਦਾਖ਼ਲ ਕੀਤਾ ਜਾ ਸਕੇਗਾ। ਕਿਸੇ ਜਮਾਤ ਦਾ ਇਮਤਿਹਾਨ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਵਿਦਿਆਰਥੀ ਨੂੰ ਡਵੀਜ਼ਨ ਦੇ ਸੁਧਾਰ ਲਈ ਉਸੇ ਜਮਾਤ ਵਿੱਚ ਦੁਬਾਰਾ ਦਾਖ਼ਲ ਨਹੀਂ ਕੀਤਾ ਜਾਵੇਗਾ।

13 ਹਰ ਕਲਾਸ ਵਿੱਚ ਹਰ ਸਾਲ ਨਵਾਂ ਦਾਖ਼ਲਾ ਕਾਲਜ ਵੈਬਸਾਈਟ 'ਤੇ ਆਨ-ਲਾਈਨ ਅਪਲਾਈ ਕਰਨ 'ਤੇ ਹੀ ਹੋਵੇਗਾ। ਇਹ ਨਿਯਮ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਉੱਤੇ ਵੀ ਲਾਗੂ ਹੋਵੇਗਾ।

15 ਯੂਨੀਵਰਸਿਟੀ ਦੇ ਇਮਤਿਹਾਨ ਵਿੱਚ ਬੈਠਣ ਤੋਂ ਵਰਜਿਤ ਕੀਤੇ ਗਏ (disqualified) ਵਿਦਿਆਰਥੀਆਂ ਦਾ ਦਾਖ਼ਲਾ ਮੁੱਢੋਂ ਹੀ ਰੱਦ ਕਰ ਦਿੱਤਾ ਜਾਵੇਗਾ ।

16 ਦਾਖ਼ਲਾ ਫ਼ਾਰਮ ਉੱਤੇ ਮਾਤਾ/ਪਿਤਾ ਦੇ ਹਸਤਾਖ਼ਰ ਦਰਸਾਈ ਥਾਂ 'ਤੇ ਹੋਣੇ ਜ਼ਰੂਰੀ ਹਨ। ਮਾਤਾ/ਪਿਤਾ ਦੇ ਜਾਅਲੀ ਹਸਤਾਖ਼ਰਾਂ ਬਾਰੇ ਪਤਾ ਲੱਗ ਜਾਣ ਦੀ ਹਾਲਤ ਵਿੱਚ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ। ਦਾਖ਼ਲਾ ਮਿਲਣ ਤੋਂ ਬਾਅਦ ਵੀ ਇਸ ਗੱਲ ਦਾ ਪਤਾ ਲੱਗਣ 'ਤੇ ਦਾਖ਼ਲਾ ਮੁੱਢੋਂ ਹੀ ਰੱਦ ਕੀਤਾ ਜਾ ਸਕਦਾ ਹੈ ।

17 ਦੂਜੀਆਂ ਯੂਨੀਵਰਸਿਟੀਆਂ ਤੋਂ ਪੰਜਾਬੀ ਯੂਨੀਵਰਸਿਟੀ ਵਿੱਚ ਮਾਈਗ੍ਰੇਸ਼ਨ ਕਰਵਾਉਣ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਲੋਂ ਆਗਿਆ ਮਿਲਣ ਅਤੇ ਇਸ ਕਾਲਜ ਵਿੱਚ ਸੀਟਾਂ ਉਪਲੱਬਧ ਹੋਣ ਦੀ ਹਾਲਤ ਵਿੱਚ ਹੀ ਦਾਖ਼ਲ ਕੀਤਾ ਜਾਵੇਗਾ। ਇਸ ਲਈ ਯੂਨੀਵਰਸਿਟੀ ਵਲੋਂ ਜਾਰੀ ਮਾਈਗ੍ਰੇਸ਼ਨ ਸਰਟੀਫਿਕੇਟ ਹੋਣਾ ਜਰੂਰੀ ਹੈ।

18 ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ।

19 ਵਿਦਿਆਰਥੀ ਦੇ ਮਾਤਾ-ਪਿਤਾ/ਸਰਪ੍ਰਸਤ ਨੂੰ ਕਾਲਜ ਸਟਾਫ਼ ਨਾਲ ਸਮੇਂ-ਸਮੇਂ 'ਤੇ ਸੰਪਰਕ ਰੱਖਣਾ ਚਾਹੀਦਾ ਹੈ।

## ਪਾਤਰਤਾ/Eligibility ਸਰਟੀਫ਼ਿਕੇਟ :-

ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ, ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਸਕੂਲ ਐਜੂਕੇਸ਼ਨ, ਸੀ.ਬੀ.ਐੱਸ.ਈ. ਬੋਰਡ ਅਤੇ ਆਈ.ਸੀ.ਐੱਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖ਼ਲੇ ਕਰਨ ਤੋਂ ਪਹਿਲਾਂ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ/Eligibility ਸਰਟੀਫ਼ਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ। ਪਾਤਰਤਾ ਸਰਟੀਫ਼ਿਕੇਟ ਨਾ ਲਏ ਬਿਨਾਂ ਕੀਤੇ ਗਏ ਦਾਖ਼ਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਸੂਰਤ ਵਿੱਚ ਨਹੀਂ ਦਿੱਤੀ ਜਾਵੇਗੀ ।

* ਪਾਤਰਤਾ ਸਬੰਧੀ ਨਿਯਮਾਂ ਵਿੱਚ ਯੂਨੀਵਰਸਿਟੀ ਵੱਲੋਂ ਜੇ ਕੋਈ ਫੇਰਬਦਲ ਹੋਇਆ ਤਾਂ ਉਹੀ ਲਾਗੂ ਹੋਵੇਗਾ।

## ਗੈਪ-ਪੀਰੀਅਡ ਦੇ ਸਵੈ-ਘੋਸ਼ਣਾ ਪੱਤਰ ਦਾ ਨਮੂਨਾ

ਮੈ (ਨਾਂ) ............................................ ਸਪੁੱਤਰ/ਸਪੁੱਤਰੀ ਸ਼੍ਰੀ ........................................................ ਅਤੇ

ਨਿਵਾਸੀ ਪਿੰਡ/ਸ਼ਹਿਰ ..................................................................... ਸਹੁੰ ਚੁੱਕ ਕੇ ਐਲਾਨ ਕਰਦਾ/ਕਰਦੀ ਹਾਂ ਕਿ :-

1 ਮੈਂ ਪਿਛਲੇ ਸਾਲ ਕਿਸੇ ਕਾਲਜ/ਅਦਾਰੇ ਵਿੱਚ ਦਾਖ਼ਲਾ ਨਹੀਂ ਲਿਆ ।

2 ਮੈਂ ਪਿਛਲੇ ਸਾਲ ਕਿਸੇ ਕਾਲਜ/ਯੂਨੀਵਰਸਿਟੀ ਤੋਂ ਨਾ ਹੀ ਕੱਢਿਆ ਗਿਆ/ਕੱਢੀ ਗਈ ਹਾਂ ਅਤੇ ਨਾ ਹੀ ਯੂਨੀਵਰਸਿਟੀ ਵੱਲੋਂ ਅਯੋਗ ਠਹਿਰਾਇਆ ਗਿਆ/ਠਹਿਰਾਈ ਗਈ ਹਾਂ ।

3 ਗੈਪ-ਪੀਰੀਅਡ ਦੇ ਦੌਰਾਨ ਮੇਰੇ ਖ਼ਿਲਾਫ਼ ਅਦਾਲਤ/ਪੁਲਿਸ ਥਾਣੇ ਵਿਚ ਕੋਈ ਵੀ ਕੇਸ ਦਰਜ ਨਹੀਂ ਹੈ ।

ਮਿਤੀ : ......................

ਵਿਦਿਆਰਥੀ ਦੇ ਹਸਤਾਖ਼ਰ

ਨੋਟ :- ਝੂਠਾ ਸਵੈ-ਘੋਸ਼ਣਾ ਪੱਤਰ ਦੇਣ ਵਾਲਾ ਵਿਅਕਤੀ ਅਦਾਲਤੀ ਕਰਵਾਈ ਦਾ ਭਾਗੀ ਹੋਵੇਗਾ । ਨਾਬਾਲਿਗ ਹੋਣ ਦੀ ਸੂਰਤ ਵਿੱਚ ਸਵੈ-ਘੋਸ਼ਣਾ ਪੱਤਰ ਪਿਤਾ/ਸਰਪ੍ਰਸਤ ਵਲੋਂ ਹੋਣਾ ਚਾਹੀਦਾ ਹੈ ।

# Reservation Policy

## Notification Reservation & Common Weightage Policy - 2021 vide No. HED-EDU10M.L/16/2021-3edu-Part(I)/1824 Dated : 17-08-2021

| Category | |
|---|---|
| General | 52 |
| SC | 20 |
| BC | 08 |
| Ex-Serviceman/ Ex-Serviceman (Department) | 13 |
| Freedom Fighters | 1 |
| PWD | 3 |
| Sports | 3 |
| Total | 100 |

| Percentage | |
|---|---|
| General | 52 |
| SC | 20 |
| BC | 08 |
| Ex-Serviceman/Ex-Serviceman (Department) General | 07 |
| Ex-Serviceman/Ex-Serviceman (Department) SC | 04 |
| Ex-Serviceman/Ex-Serviceman (Department) BC | 02 |
| Freedom Fighters General | 01 |
| PWD | 03 |
| Sports General | 02 |
| Sports SC | 01 |
| Total | 100 |

## Seat Matrix - U.G.

| Course Name | Total | GEN | SC | BC | ESM | | | | PWD | FF | Sports | | |
|---|---|---|---|---|---|---|---|---|---|---|---|---|---|
| | | | | | GEN | SC | BC | TOTAL | | | GEN | SC | TOTAL |
| B COM Morning (Regular) | 103 | 54 | 21 | 8 | 7 | 4 | 2 | 13 | 3 | 1 | 2 | 1 | 3 |
| B SC (Medical) (Regular) | 58 | 30 | 12 | 5 | 4 | 1 | 1 | 6 | 2 | 1 | 1 | 1 | 2 |
| B SC (Non-Medical) (Regular) | 58 | 30 | 12 | 5 | 4 | 1 | 1 | 6 | 2 | 1 | 1 | 1 | 2 |
| BA (Regular) | 250 | 130 | 50 | 20 | 18 | 9 | 5 | 32 | 8 | 3 | 5 | 2 | 7 |
| BCA Morning (Self Financed) | 87 | 45 | 17 | 7 | 6 | 3 | 2 | 11 | 3 | 1 | 2 | 1 | 3 |
| Bachelor of Buiness Administration Hounors (BBA Hons.) (Logictics and Supply Chain Management) (Self Financed) | 50 | 26 | 10 | 4 | 4 | 1 | 0 | 5 | 2 | 1 | 1 | 1 | 2 |
| Bachelors of Art (Hons.) Aesthestics and Beauty Therapy (Self Financed) | 50 | 26 | 10 | 4 | 4 | 1 | 0 | 5 | 2 | 1 | 1 | 1 | 2 |
| BBA (hons) (Banking , Financial Services and Insurance) (Self Financed) | 50 | 26 | 10 | 4 | 4 | 1 | 0 | 5 | 2 | 1 | 1 | 1 | 2 |
| B.Sc. Medical Lab Technology (Self Financed) | 50 | 26 | 10 | 4 | 4 | 1 | 0 | 5 | 2 | 1 | 1 | 1 | 2 |

## Seat Matrix - P.G.

| Course Name | Total | GEN | SC | BC | ESM | | | | PWD | FF | Sports | | |
|---|---|---|---|---|---|---|---|---|---|---|---|---|---|
| | | | | | GEN | SC | BC | TOTAL | | | GEN | SC | TOTAL |
| M.A. (Economics) Regular | 40 | 21 | 8 | 3 | 3 | 2 | 1 | 6 | 1 | 0 | 1 | 0 | 1 |
| M.A. (Pol. Science) Regular | 40 | 21 | 8 | 3 | 3 | 2 | 1 | 6 | 1 | 0 | 1 | 0 | 1 |
| M.A. (Pub. Admn.) Regular | 40 | 21 | 8 | 3 | 3 | 2 | 1 | 6 | 1 | 0 | 1 | 0 | 1 |
| PGDCA Regular | 40 | 21 | 8 | 3 | 3 | 2 | 1 | 6 | 1 | 0 | 1 | 0 | 1 |

# ਪੰਜਾਬ ਸਰਕਾਰ / ਭਾਰਤ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜੀਫਿਆਂ ਸੰਬੰਧੀ ਜਾਣਕਾਰੀ।

| ਵਜੀਫੇ ਦਾ ਨਾਂ | ਵਜੀਫ਼ੇ ਲਈ ਹੱਕਦਾਰ ਵਿਦਿਆਰਥੀ/ ਯੋਗਤਾ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਵੈਬਸਾਈਟ* | ਆਮਦਨ ਸੀਮਾ | ਵਿਦਿਆਰਥੀਆਂ ਵੱਲੋਂ ਫ਼ਾਰਮ ਭਰਨ ਦੀ ਆਖ਼ਰੀ ਮਿਤੀ | ਨੱਥੀ ਕਰਨਯੋਗ ਦਸਤਾਵੇਜ਼ |
|---|---|---|---|---|
| ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਫਾਰ ਐਸ.ਸੀ. | ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ।<br>ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ।<br>ਅਪਲਾਈ ਕਰਨ ਲਈ ਵੈਬਸਾਈਟ:<br>**www.scholarship.punjab.gov.in** | ਸਲਾਨਾ ਆਮਦਨ ਸੀਮਾ<br>(2,50,000/- ਢਾਈ ਲੱਖ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਦੀਆਂ ਹਦਾਇਤਾਂ ਅਨੁਸਾਰ | 1 ਫਰੀਸ਼ਿਪ ਕਾਰਡ ।<br>2 ਆਨਲਾਈਨ ਅਪਲਾਈ ਕੀਤੇ ਅੰਬੇਡਕਰ ਸਕਾਲਰਸ਼ਿਪ ਦੇ ਫਾਰਮ।<br>3 ਕਾਲਜ ਦਾ ਦਾਖਲਾ ਫਾਰਮ (ਦਾਖਲਾ ਨੰਬਰ ਸਹਿਤ)।<br>4 ਸਵੈ-ਘੋਸ਼ਣਾ (ਪੋਰਟਲ ਤੇ ਉਪਲੱਬਧ ਫਾਰਮੈਟ ਅਨੁਸਾਰ।<br>5 ਵਿਦਿਆਰਥੀ ਦਾ ਆਧਾਰ-ਕਾਰਡ ।<br>6 ਮਾਤਾ ਤੇ ਪਿਤਾ ਦਾ ਆਧਾਰ ਕਾਰਡ ।<br>7 ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ।<br>8 ਪੰਜਾਬ ਰਿਹਾਇਸ਼ ਸਰਟੀਫਿਕੇਟ ।<br>9 ਆਮਦਨ ਸਰਟੀਫਿਕੇਟ (ਮਾਤਾ-ਪਿਤਾ ਦਾ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਜਾ ਨੌਕਰੀ ਪੇਸ਼ਾ ਲਈ ਵਿਭਾਗ ਦੇ ਮੁੱਖੀ ਵੱਲੋਂ ਜਾਰੀ ਆਮਦਣ ਸਰਟੀਫਿਕੇਟ)।<br>10 ਮੈਟ੍ਰਿਕ (10ਵੀਂ) ਦਾ ਸਰਟੀਫਿਕੇਟ।<br>11 ਸੀਨੀਅਰ ਸੈਕੰਡਰੀ (12ਵੀਂ ਦਾ ਸਰਟੀਫਿਕੇਟ।<br>12 ਪਿਛਲੀ ਪਾਸ ਕੀਤੀ ਹੋਈ ਪ੍ਰੀਖਿਆ ਦੀ ਮਾਰਕਸ਼ੀਟ ।<br>13 ਵਿਦਿਆਰਥੀ ਦੇ ਆਧਾਰ ਕਾਰਡ ਨਾਲ ਲਿੰਕ ਅਤੇ ਆਧਾਰ ਸੀਡਡ ਬੈਂਕ ਖਾਤੇ ਦੀ ਕਾਪੀ।<br>14 ਰੀਨਿਊਵਲ ਫਾਰਮ (ਕੇਵਲ ਰੀਨਿਊ ਹੋਣ ਵਾਲੇ ਵਿਦਿਆਰਥੀਆਂ ਲਈ)<br>15 ਹਾਜ਼ਰੀ ਪਰਫਾਰਮਾ ।<br>16 ਵਿਦਿਆਰਥੀ ਵੱਲੋਂ ਬੈਂਕ ਅਕਾਊਂਟ ਆਧਾਰ ਸੀਡਡ ਹੋਣ ਦਾ ਹਲਫ਼ਿਆ ਬਿਆਨ। |
| ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਫਾਰ ਓ.ਬੀ.ਸੀ | ਓ.ਬੀ.ਸੀ. ਦੇ (**Other Backward Class**) ਦੇ ਵਿਦਿਆਰਥੀ ਜਿਹੜੇ ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ।<br>ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ।<br>ਪਿਛਲੀ ਕਲਾਸ ਵਿੱਚ **60%**ਨੰਬਰ ਲਾਜ਼ਮੀ ਹਨ।<br>ਅਪਲਾਈ ਕਰਨ ਲਈ ਵੈਬਸਾਈਟ:<br>**www.scholarship.punjab.gov.in** | ਸਲਾਨਾ ਆਮਦਨ ਸੀਮਾ<br>(2,50,000/- ਦੋ ਲੱਖ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਦੀਆਂ ਹਦਾਇਤਾਂ ਅਨੁਸਾਰ | -ਉਕਤ ਅਨੁਸਾਰ- |

ਨੋਟ :- 1. ਆਮਦਨ ਸਰਟੀਫਿਕੇਟ :- ਸੈਸ਼ਨ 2026-27 ਲਈ 31 ਮਾਰਚ 2026 ਤੋਂ ਪਹਿਲਾਂ ਦੇ ਬਣੇ ਹੋਏ ਸਰਟੀਫਿਕੇਟ ਵੈਲਿਡ ਨਹੀਂ ਹੋਣਗੇ।
2. ਪੰਜਾਬ ਰਿਹਾਇਸ਼ ਦਾ ਸਰਟੀਫਿਕੇਟ 5 ਸਾਲ ਜਾਂ ਇਸ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ। ਪੰਜ ਸਾਲ ਤੋਂ ਵੱਧ ਪੁਰਾਣਾ ਹੋਣ ਦੀ ਸੂਰਤ ਇੱਚ ਤੁਰੰਤ ਨਵਾਂ ਸਰਟੀਫਿਕੇਟ ਬਣਵਾ ਲਿਆ ਜਾਵੇ ।

| ਵਜ਼ੀਫ਼ੇ ਦਾ ਨਾਂ | ਵਜ਼ੀਫ਼ੇ ਲਈ ਹੱਕਦਾਰ ਵਿਦਿਆਰਥੀ/ ਯੋਗਤਾ ਅਤੇ ਵਿਸਥਾਰ ਪੂਰਵਕ ਜਾਣਕਾਰੀ ਲਈ ਵੈਬਸਾਈਟ* | ਆਮਦਨ ਸੀਮਾ | ਵਿਦਿਆਰਥੀਆਂ ਵੱਲੋਂ ਫ਼ਾਰਮ ਭਰਨ ਦੀ ਆਖ਼ਰੀ ਮਿਤੀ | ਨੱਥੀ ਕਰਨਯੋਗ ਦਸਤਾਵੇਜ਼ |
|---|---|---|---|---|
| **Central Scholarship for students with Disabilities** | 40% ਜਾਂ ਇਸ ਤੋਂ ਵੱਧ ਦੇ ਅਪੰਗ ਵਿਦਿਆਰਥੀਆਂ ਲਈ ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ। ਹੋਰ ਸ਼ਰਤਾਂ ਅਤੇ ਅਪਲਾਈ ਕਰਨ ਲਈ ਵੈਬਸਾਈਟ: **www.scholarships.gov.in.** | ਸਲਾਨਾ ਆਮਦਨ ਸੀਮਾ (2,50,000/- ਢਾਈ ਲੱਖ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਦੀਆਂ ਹਦਾਇਤਾਂ ਅਨੁਸਾਰ | ਅਪਲਾਈ ਕਰਨ ਸਮੇਂ ਭਾਰਤ ਸਰਕਾਰ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ |
| ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ **Central Sector Scheme for Minorities (Muslim, Sikh, Jain, Budh, Christians & Parsis)** | ➔ਜਿਨ੍ਹਾਂ ਦੇ ਪਿਛਲੀ ਕਲਾਸ ਵਿੱਚ 50% ਜਾਂ ਇਸ ਤੋਂ ਵੱਧ ਨੰਬਰ ਹੋਣ ➔ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ। ➔ਹੋਰ ਕੋਈ ਵੀ ਵਜੀਫ਼ਾ ਨਹੀਂ ਲੈ ਰਹੇ ਵਿਦਿਆਰਥੀ ਇਸ ਵੈਬਸਾਈਟ ਤੇ ਅਪਲਾਈ ਕਰ ਸਕਦੇ ਹਨ: **www.scholarships.gov.in.** | ਸਲਾਨਾ ਆਮਦਨ (2,00,000/- ਦੋ ਲੱਖ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਦੀਆਂ ਹਦਾਇਤਾਂ ਅਨੁਸਾਰ | -ਉਕਤ ਅਨੁਸਾਰ- |
| **Central Sector Scheme for College and University Students** | ➔**Meritorious students** (ਕੇਵਲ ਐਂਟਰੀ ਕਲਾਸਾਂ ਲਈ) ਜਿਨ੍ਹਾਂ ਦੇ 10+2 ਵਿੱਚ 80% ਤੋਂ ਵੱਧ ਨੰਬਰ ਹੋਣ-1 ➔ਵਿਦਿਆਰਥੀ ਕਲਾਸਾਂ ਵਿੱਚ 75% ਹਾਜ਼ਰੀ ਯਕੀਨੀ ਬਣਾਏ। ਹੋਰ ਕੋਈ ਵੀ ਵਜੀਫ਼ਾ ਨਾ ਲੈ ਰਿਹਾ ਹੋਵੇ। ➔ਅਪਲਾਈ ਕਰਨ ਲਈ ਵੈਬਸਾਈਟ: **www.scholarships.gov.in.** | ਸਲਾਨਾ ਆਮਦਨ (8,00,000/- ਅੱਠ ਲੱਖ ਰੁਪਏ ਤੋਂ ਵੱਧ ਨਾ ਹੋਵੇ) | ਸਰਕਾਰ ਦੀਆਂ ਹਦਾਇਤਾਂ ਅਨੁਸਾਰ | -ਉਕਤ ਅਨੁਸਾਰ- |

- ਵਜ਼ੀਫੇ ਲਈ ਆਮਦਨ ਸੰਬੰਧੀ ਮਾਤਾ - ਪਿਤਾ ਜਾਂ ਸਰਪ੍ਰਸਤ ਵੱਲੋਂ ਸਾਰੇ ਵਸੀਲਿਆਂ ਤੋਂ ਹੁੰਦੀ ਆਮਦਨ ਸੰਬੰਧੀ ਤਾਜ਼ਾ (**Fresh**) ਕੇਵਲ ਤਹਿਸੀਲਦਾਰ ਵੱਲੋਂ ਜਾਰੀ ਆਮਦਨ ਸਰਟੀਫ਼ਿਕੇਟ। ਜਦੋਂ ਕਿ ਸਰਕਾਰੀ ਨੌਕਰੀ ਪੇਸ਼ਾ ਵਾਲੇ ਮਾਤਾ-ਪਿਤਾ ਵੱਲੋਂ **ਸਬੰਧਿਤ** ਡੀ.ਡੀ.ਓ 'ਤੋਂ ਤਸਦੀਕਸ਼ੁਦਾ ਤਾਜਾ ਆਮਦਨ ਸਰਟੀਫ਼ਿਕੇਟ ਅਤੇ ਹੋਰ ਕਿਸੇ ਤਰਾਂ ਦੇ ਵਾਧੂ ਆਮਦਨ ਸਬੰਧੀ ਵੇਰਵਾ ਨਾਨ-ਜੁਡੀਸ਼ੀਅਲ ਸਟੈਂਪ ਪੇਪਰ ਤੇ ਦੇਣਗੇ।
- ਵਿਦਿਆਰਥੀ ਆਪਣੇ ਯੂਜਰ ਆਈ.ਡੀ ਅਤੇ ਪਾਸਵਰਡ ਸਮੇਤ ਪ੍ਰਿੰਟਡ ਆਨ-ਲਾਈਨ ਫ਼ਾਰਮ ਦੀ ਇੱਕ ਕਾਪੀ ਆਪਣੇ ਕੋਲ ਸੰਭਾਲ ਕੇ ਰੱਖਣਗੇ। ਵਿਦਿਆਰਥੀ ਆਪਣਾ ਸਕਾਲਰਸ਼ਿਪ ਸਟੇਟਸ **ਸਬੰਧਿਤ** ਵੈੱਬਸਾਈਟ ਤੇ ਆਨ-ਲਾਈਨ ਵੀ ਚੈੱਕ ਕਰ ਸਕਦੇ ਹਨ।
- ਸਹੀ ਮੋਬਾਈਲ ਨੰਬਰ, ਸਹੀ ਈ.ਮੇਲ ਆਈ.ਡੀ ਅਤੇ ਆਧਾਰ ਨੰਬਰ ਦਾ ਹੋਣਾ ਜ਼ਰੂਰੀ ਹੈ। **ਬੈਂਕ ਖਾਤਾ ਆਧਾਰ ਸੀਡਡ ਕਰਵਾਉਣ ਲਾਜ਼ਮੀ ਹੈ।**
- ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀ ਵੱਲੋਂ ਆਨ-ਲਾਈਨ ਪੋਰਟਲ 'ਤੇ ਅਪਲਾਈ ਕਰਨ ਉਪਰੰਤ ਲੋੜੀਂਦੇ ਦਸਤਾਵੇਜ਼ **ਸਬੰਧਿਤ** ਇੰਚਾਰਜ ਕੋਲ ਨਿਰਧਾਰਤ ਮਿਤੀ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ। ਇਹ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ।
- ਉਪਰੋਕਤ 'ਤੋਂ ਇਲਾਵਾ ਜੇਕਰ ਭਾਰਤ ਸਰਕਾਰ/ਪੰਜਾਬ ਸਰਕਾਰ ਵੱਲੋਂ ਕੋਈ ਹੋਰ ਵਜੀਫਾ ਸਕੀਮ ਸ਼ੁਰੂ ਕੀਤੀ ਜਾਂਦੀ ਹੈ ਤਾਂ ਉਸ ਦੀ ਜਾਣਕਾਰੀ ਸਮੇਂ - ਸਮੇਂ 'ਤੇ ਨੋਟਿਸ ਬੋਰਡ ਤੇ ਲਗਾਈ ਜਾਵੇਗੀ।
- ਵਜ਼ੀਫੇ ਸਬੰਧੀ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਵਜ਼ੀਫ਼ਾ ਸ਼ਾਖਾ ਨਾਲ ਸੰਪਰਕ ਕਰ ਸਕਦੇ ਹਨ।

**ਸੈਸ਼ਨ 2026-27 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਬੰਧੀ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਵੱਲੋਂ ਕੋਈ ਨਵੀਆਂ ਹਦਾਇਤਾਂ ਆਉਂਦੀਆਂ ਹਨ, ਤਾਂ ਉਸਦੀ ਪਾਲਣਾਂ ਹਿੱਤ ਹੀ ਵਿਦਿਆਰਥੀ ਲਾਭ ਲੈ ਸਕਣਗੇ।**

**ਨੋਟ :- ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨਾਲ ਸਬੰਧਤ ਮੋਬਾਇਲ ਨੰਬਰ ਵਾਰ-ਵਾਰ ਨਾ ਬਦਲਣ ਦੀ ਹਦਾਇਤ ਕੀਤੀ ਜਾਂਦੀ ਹੈ ਤਾਂ ਜੋ ਸਕਾਲਰਸ਼ਿਪ ਪ੍ਰਾਪਤ ਕਰਨ ਲਈ ਕੋਈ ਸਮਸਿਆ ਨਾ ਆਵੇ ।**

## ਅਤਿ ਜ਼ਰੂਰੀ ਨੋਟ :

### (ੳ) ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਵਜੀਫ਼ਾ ਸਕੀਮ :

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਵਜੀਫ਼ਾ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਜੀਫ਼ੇ ਦੀਆਂ ਅਰਜੀਆਂ ਕਾਲਜ ਦਾਖ਼ਲੇ ਦੇ ਇੱਕ ਹਫ਼ਤੇ ਅੰਦਰ-ਅੰਦਰ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ਅਸ਼ੀਰਵਾਦ ਪੋਰਟਲ 'ਤੇ ਆਨ-ਲਾਈਨ ਭਰੀਆਂ ਜਾਣੀਆਂ ਚਾਹੀਦੀਆਂ ਹਨ। ਵਿਦਿਆਰਥੀ ਵਲੋਂ ਆਨ-ਲਾਈਨ ਕੀਤੀ ਅਰਜ਼ੀ ਦੀ ਇੱਕ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਕਾਲਜ ਦਫ਼ਤਰ ਵਲੋਂ ਉਸ ਹੀ ਵਿਦਿਆਰਥੀ ਦੇ ਵਜੀਫੇ ਲਈ ਅਰਜ਼ੀ ਉੱਚ-ਅਧਿਕਾਰੀਆਂ ਨੂੰ ਫਾਰਵਰਡ ਕੀਤੀ ਜਾਵੇਗੀ, ਜਿਸ ਵਿਦਿਆਰਥੀ ਨੇ ਆਨ-ਲਾਈਨ ਪੋਰਟਲ ਉੱਪਰ ਭੇਜੀ ਅਰਜ਼ੀ ਦੀ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫ਼ਤਰ ਵਿੱਚ ਨਿਸ਼ਚਿਤ ਕੀਤੀ ਮਿਤੀ ਤੱਕ ਜਮ੍ਹਾਂ ਕਰਵਾਈ ਹੋਵੇਗੀ। ਅਜਿਹਾ ਨਾ ਹੋਣ 'ਤੇ ਵਜੀਫ਼ਾ ਨਾ ਮਿਲਣ ਜਾਂ ਦੇਰੀ ਨਾਲ ਮਿਲਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ ।

### (ਅ) ਸੀ.ਐਮ.(C.M.) ਸਕਾਲਰਸ਼ਿਪ :- (ਪੰਜਾਬ ਸਰਕਾਰ ਵਲੋਂ ਲਾਗੂ ਹੋਣ ਉਪਰੰਤ)

ਸੀ.ਐਮ. ਸਕਾਲਰਸ਼ਿਪ ਵਿੱਚ ਜਨਰਲ ਵਿਦਿਆਰਥੀ ਉਸਦੇ ਨੰਬਰਾਂ ਦੇ ਆਧਾਰ ਤੇ ਯੂਨੀਵਰਸਿਟੀ ਫੀਸ ਵਿੱਚ ਹੇਠ ਅਨੁਸਾਰ ਛੁੱਟ ਦਿੱਤੀ ਜਾਵੇਗੀ।

- 60% ਤੋਂ 70% ਤੱਕ ਨੰਬਰ ਲੈਣ ਵਾਲੇ ਵਿਦਿਆਰਥੀ ਨੂੰ 70% ਯੂਨੀਵਰਸਿਟੀ ਫੀਸ ਵਿੱਚ ਛੋਟ
- 70% ਤੋਂ 80% ਤੱਕ ਨੰਬਰ ਲੈਣ ਵਾਲੇ ਵਿਦਿਆਰਥੀ ਨੂੰ 80% ਯੂਨੀਵਰਸਿਟੀ ਫੀਸ ਵਿੱਚ ਛੋਟ
- 80% ਤੋਂ 90% ਤੱਕ ਨੰਬਰ ਲੈਣ ਵਾਲੇ ਵਿਦਿਆਰਥੀ ਨੂੰ 90% ਯੂਨੀਵਰਸਿਟੀ ਫੀਸ ਵਿੱਚ ਛੋਟ
- 90% ਤੋਂ 100% ਤੱਕ ਨੰਬਰ ਲੈਣ ਵਾਲੇ ਵਿਦਿਆਰਥੀ ਨੂੰ 100% ਯੂਨੀਵਰਸਿਟੀ ਫੀਸ ਵਿੱਚ ਛੋਟ

### (ੲ) ਭਾਰਤ ਸਰਕਾਰ ਦੀ ਘੱਟ ਗਿਣਤੀ ਵਜੀਫ਼ਾ ਸਕੀਮ :

ਭਾਰਤ ਸਰਕਾਰ ਦੀ ਘੱਟ ਗਿਣਤੀ ਵਜ਼ੀਫ਼ਾ ਸਕੀਮ ਅਧੀਨ ਘੱਟ ਗਿਣਤੀ (ਸਿੱਖ, ਮੁਸਲਮਾਨ, ਈਸਾਈ, ਬੋਧੀ ਅਤੇ ਜੈਨ) ਫਿਰਕਿਆਂ ਨਾਲ ਅਤੇ ਮੈਰੀਟੋਰੀਅਸ ਕੈਟਾਗਿਰੀ ਨਾਲ ਸਬੰਧਿਤ ਵਿਦਿਆਰਥੀ ਵਜ਼ੀਫ਼ੇ ਦੀਆਂ ਅਰਜ਼ੀਆਂ ਕਾਲਜ ਦਾਖਲੇ ਦੇ ਇੱਕ ਹਫ਼ਤੇ ਦੇ ਅੰਦਰ -ਅੰਦਰ ਭਾਰਤ ਸਰਕਾਰ ਵਲੋਂ ਚਲਾਏ ਜਾ ਰਹੇ ਨੈਸ਼ਨਲ ਸਕਾਲਰਸ਼ਿਪ ਪੋਰਟਲ ਉੱਪਰ ਆਨ-ਲਾਈਨ ਅਪਲਾਈ ਕਰ ਸਕਦੇ ਹਨ। ਵਿਦਿਆਰਥੀ ਵਲੋਂ ਆਨ-ਲਾਈਨ ਪੋਰਟਲ ਉੱਪਰ ਭੇਜੀ ਅਰਜ਼ੀ ਦੀ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫ਼ਤਰ ਵਿੱਚ ਨਿਸ਼ਚਿਤ ਕੀਤੀ ਮਿਤੀ ਤੱਕ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਹੋਣ 'ਤੇ ਨਾ ਮਿਲਣ ਜਾਂ ਦੇਰੀ ਨਾਲ ਮਿਲਣ ਦੀ ਜ਼ਿੰਮੇਵਾਰੀ ਵਿਦਿਆਰਥੀ ਹੀ ਹੋਵੇਗੀ।

### (ੲ) ਕੇਵਲ ਇੱਕ ਸਕੀਮ ਵਿੱਚ ਅਪਲਾਈ :

ਵਿਦਿਆਰਥੀ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਤੇ ਘੱਟ ਗਿਣਤੀ ਵਜ਼ੀਫਾ ਸਕੀਮ ਤਹਿਤ ਕੇਵਲ ਇੱਕ ਸਕੀਮ ਅਧੀਨ ਹੀ ਲਾਭ ਪ੍ਰਾਪਤ ਕਰ ਸਕਦਾ ਹੈ।

### (ੲ) ਅਪਲਾਈ ਕਰਨ ਉਪਰੰਤ ਕਾਰਵਾਈ :

ਜਿਹੜੇ ਵਿਦਿਆਰਥੀ ਕਾਲਜ ਵਿੱਚ ਦਾਖ਼ਲ ਹੋਣ ਉਪਰੰਤ, ਪੋਰਟਲ ਰਾਹੀਂ ਅਰਜ਼ੀ ਭੇਜਣ ਅਤੇ ਇਸ ਦੀ ਹਾਰਡ ਕਾਪੀ ਦਫ਼ਤਰ ਵਿੱਚ ਜਮ੍ਹਾਂ ਹੋਣ ਉਪਰੰਤ ਕਿਸੇ ਹੋਰ ਸੰਸਥਾ ਵਿੱਚ ਦਾਖ਼ਲ ਹੋ ਜਾਣਗੇ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਇਸ ਸਬੰਧੀ ਲਿਖ਼ਤੀ ਸੂਚਨਾ ਕਾਲਜ ਦਫ਼ਤਰ ਵਿੱਚ ਦੇ ਕੇ ਜਾਣ ਅਤੇ ਪਹਿਲਾਂ ਭੇਜੀ ਗਈ ਅਰਜ਼ੀ ਨੂੰ ਰੱਦ ਕਰਨ ਲਈ ਲਿਖ਼ਤੀ ਬੇਨਤੀ ਕਰਨ। ਦੋ ਜਾਂ ਦੋ ਤੋਂ ਵਧੇਰੇ ਸੰਸਥਾਵਾਂ ਤੋਂ ਵਜ਼ੀਫ਼ੇ ਦਾ ਦਾਅਵਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਵਿਦਿਆਰਥੀ ਦੀ ਤਰਫ਼ ਤੋਂ ਕਾਲਜ ਵਲੋਂ ਸਰਕਾਰ ਜਾਂ ਯੂਨੀਵਰਸਿਟੀ ਨੂੰ ਭੇਜੀ ਗਈ ਫ਼ੀਸ/ਫੰਡ ਆਦਿ ਦੀ ਵਸੂਲੀ ਵਿਦਿਆਰਥੀ ਪਾਸੋਂ ਕੀਤੀ ਜਾਵੇਗੀ ।

### (ੲ) ਸਟੇਟ ਪੱਛੜੀ ਸ਼੍ਰੇਣੀ ਭਲਾਈ ਸਕੀਮ :

ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਉਨ੍ਹਾਂ ਵਿਦਿਆਰਥੀਆਂ, ਜਿਹੜੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ, ਨੂੰ ਇਸ ਸਕੀਮ ਅਧੀਨ ਭਲਾਈ ਫੰਡ ਮਨਜ਼ੂਰ ਕੀਤੇ ਜਾਂਦੇ ਹਨ, ਬਸ਼ਰਤੇ ਕਿ ਉਨ੍ਹਾਂ ਦੇ ਪਰਿਵਾਰ ਦੀ ਸਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਵੱਧ ਨਾ ਹੋਵੇ।

ਨੋਟ :- ਵਜੀਫ਼ਾ ਫ਼ਾਰਮ ਆਨ-ਲਾਈਨ ਭਰਨ ਉਪਰੰਤ ਹਾਰਡ ਕਾਪੀ ਨਾਲ ਨਿਮਨਲਿਖ਼ਤ ਦਸਤਾਵੇਜ਼ ਦਫ਼ਤਰ ਵਿੱਚ ਜਮ੍ਹਾ ਕਰਵਾਉਣ ਜਰੂਰੀ ਹਨ।

1. (ੳ) ਵਜ਼ੀਫ਼ਾ ਫ਼ਾਰਮ ਵਿੱਚ ਦਰਜ ਬੈਂਕ ਦਾ ਨਾਂ ਅਤੇ ਆਈ.ਐਫ.ਐੱਸ.ਸੀ. ਕੋਡ ।
   (ਅ) ਵਿਦਿਆਰਥੀ ਦੇ ਜਾਤੀ ਸਰਟੀਫ਼ਿਕੇਟ ਦੀ ਫੋਟੋ ਕਾਪੀ ।
   (ੲ) ਵਿਦਿਆਰਥੀ ਦੇ ਆਨ-ਲਾਈਨ ਬੈਂਕ ਦਾ ਖ਼ਾਤਾ ਨੰਬਰ ਜਿਹੜਾ ਆਧਾਰ ਕਾਰਡ ਨਾਲ ਲਿੰਕ ਹੋਵੇ।
   (ਸ) ਵਿਦਿਆਰਥੀ ਦੇ ਆਧਾਰ ਕਾਰਡ ਦੀ ਫ਼ੋਟੋ ਕਾਪੀ ।

(ਇਸ ਸਕੀਮ ਅਧੀਨ ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਦੀ ਅਦਾਇਗੀ ਉਨ੍ਹਾਂ ਦੇ ਆਨ-ਲਾਈਨ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ, ਇਸ ਲਈ ਵਿਦਿਆਰਥੀਆਂ ਦਾ ਖ਼ਾਤਾ ਚਾਲੂ ਹਾਲਤ ਵਿੱਚ ਅਤੇ ਆਧਾਰ ਕਾਰਡ ਨਾਲ ਲਿੰਕ ਹੋਣਾ ਚਾਹੀਦਾ ਹੈ ਅਤੇ ਖ਼ਾਤੇ ਸਬੰਧੀ ਵੇਰਵੇ ਸਹੀ ਹੋਣੇ ਚਾਹੀਦੇ ਹਨ। ਬੈਂਕ ਖ਼ਾਤੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਗ਼ਲਤ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜ਼ਿੰਮੇਵਾਰੀ ਸਬੰਧਿਤ ਵਿਦਿਆਰਥੀਆਂ ਦੀ ਹੋਵੇਗੀ।

2. (ੳ) ਐੱਸ. ਸੀ. ਵਿਦਿਆਰਥੀਆਂ ਲਈ ਢਾਈ ਲੱਖ ਰੁਪਏ ਤੋਂ ਵੱਧ ਆਮਦਨ ਨਾ ਹੋਣ ਦਾ ਸਵੈ ਘੋਸ਼ਣਾ-ਪੱਤਰ
   (ਅ) ਬੀ. ਸੀ. ਦੇ ਵਿਦਿਆਰਥੀਆਂ ਲਈ ਇੱਕ ਲੱਖ ਰੁਪਏ ਤੋਂ ਵੱਧ ਆਮਦਨ ਨਾ ਹੋਣ ਦਾ ਸਵੈ ਘੋਸ਼ਣਾ-ਪੱਤਰ
   (ੲ) ਘੱਟ ਗਿਣਤੀ ਫ਼ਿਰਕਿਆਂ ਲਈ ਦੋ ਲੱਖ ਰੁਪਏ ਤੋਂ ਵੱਧ ਆਮਦਨ ਨਾ ਹੋਣ ਦਾ ਸਵੈ ਘੋਸ਼ਣਾ-ਪੱਤਰ
   (ਸ) ਜਾਤੀ ਦੇ ਸਰਟੀਫ਼ਿਕੇਟ ਦੀ ਤਸਦੀਕਸ਼ੁਦਾ ਫ਼ੋਟੋ ਕਾਪੀ ।
   (ਸ਼) ਪਿਛਲੀ ਪਾਸ ਕੀਤੀ ਕਲਾਸ ਦੇ ਨੰਬਰ ਕਾਰਡ ਦੀ ਤਸਦੀਕ ਸ਼ੁਦਾ ਫੋਟੋ ਕਾਪੀ ।
   (ਹ) ਇਕ ਪਾਸਪੋਰਟ ਸਾਈਜ਼ ਫ਼ੋਟੋ ।
   (ਪੰਜਾਬ ਸਰਕਾਰ ਵਲੋਂ ਵੱਖ-ਵੱਖ ਭਲਾਈ ਸਕੀਮਾਂ ਸਬੰਧੀ ਜਾਣਕਾਰੀ www.welfarepunjab.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।)

ਨੋਟ :- ਉਪਰੋਕਤ ਸਹੂਲਤਾਂ ਦੇ ਹੱਕਦਾਰ ਉਹੀ ਵਿਦਿਆਰਥੀ ਹੋਣਗੇ, ਜਿਹੜੇ ਕਾਲਜ ਅਨੁਸ਼ਾਸਨ ਪ੍ਰਤੀ ਪੂਰੇ ਵਫ਼ਾਦਾਰ ਹੋਣਗੇ।

## ਘਰੇਲੂ ਪ੍ਰੀਖਿਆ/ਮਿਡ ਸਮੈਸਟਰ ਟੈਸਟ ਅਤੇ ਯੂਨੀਵਰਸਿਟੀ ਪ੍ਰੀਖਿਆ ਪਾਤਰਤਾ

(ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ)

1) ਬੀ.ਏ., ਬੀ.ਐੱਸੀ.ਸੀ. (ਮੈਡੀਕਲ/ਨਾਨ-ਮੈਡੀਕਲ), ਬੀ.ਕਾਮ., ਬੀ.ਸੀ.ਏ., ਬੀ.ਬੀ.ਏ., ਬੀ.ਐਸ.ਸੀ. (ਐਮ.ਐਸ.ਟੀ.), ਐਮ.ਏ., ਪੀ.ਜੀ.ਡੀ.ਸੀ.ਏ. ਦੇ ਵਿਦਿਆਰਥੀਆਂ ਨੂੰ ਮਿਡ ਸਮੈਸਟਰ ਟੈਸਟ ਅਤੇ ਅਸਾਇਨਮੈਂਟ ਦੇਣਾ ਲਾਜ਼ਮੀ ਹੈ ਕਿਉਂਕਿ ਵਿਦਿਆਰਥੀਆਂ ਦੀ ਇੰਟਰਨਲ ਅਸੈਸਮੈਂਟ ਐਮ.ਐਸ.ਟੀ. ਪ੍ਰੀਖਿਆਵਾਂ ਵਿੱਚ ਪ੍ਰਾਪਤ ਨਬੰਰਾਂ ਦੇ ਆਧਾਰ ਤੇ ਵੀ ਨਿਰਭਰ ਕਰਦੀ ਹੈ।

2) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਯੂਨੀਵਰਸਿਟੀ ਸਮੈਸਟਰ ਪ੍ਰੀਖਿਆਵਾਂ ਦੇਣ ਦੀ ਯੋਗਤਾ ਲਈ ਵਿਦਿਆਰਥੀਆਂ ਦੀ ਕਲਾਸਾਂ ਵਿੱਚ 75% ਹਾਜ਼ਰੀ ਲਾਜ਼ਮੀ ਹੈ। ਇਹ ਸ਼ਰਤ ਪੂਰੀ ਨਾ ਕਰਨ ਵਾਲਾ ਵਿਦਿਆਰਥੀ ਸਮੈਸਟਰ ਪ੍ਰੀਖਿਆਵਾਂ ਦੇਣ ਦੇ ਯੋਗ ਨਹੀਂ ਹੋਵੇਗਾ।

## ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫ਼ਿਕੇਟ

### 1. ਵਿੱਦਿਅਕ :

**ੳ) ਰੋਲ ਆਫ਼ ਆਨਰ :**

1. ਵਿਦਿਆਰਥੀ ਨੇ ਬੀ. ਏ. ਦੇ ਇਮਤਿਹਾਨ ਵਿੱਚ ਯੂਨੀਵਰਸਿਟੀ ਦੀ ਪਹਿਲੀ/ਦੂਜੀ ਪੁਜੀਸ਼ਨ ਹਾਸਲ ਕੀਤੀ ਹੋਵੇ ।

**ਅ) ਮੈਰਿਟ ਸਰਟੀਫ਼ਿਕੇਟ :**

ਨੋਟ :-

1. ਇਹਨਾਂ ਇਨਾਮਾਂ ਲਈ ਵਿਦਿਆਰਥੀ ਵਲੋਂ ਪੜ੍ਹੇ ਜਾ ਰਹੇ ਸਾਰੇ ਵਿਸ਼ਿਆਂ ਵਿੱਚੋਂ ਪਾਸ ਹੋਣਾ ਜ਼ਰੂਰੀ ਹੈ। ਕਿਸੇ ਵੀ ਕਾਰਨ ਕਿਸੇ ਵੀ ਪੇਪਰ ਦੀ ਗੈਰ-ਹਾਜ਼ਰੀ ਉਸ ਵਿਸ਼ੇ ਵਿੱਚੋਂ ਸਿਫ਼ਰ ਅੰਕ ਦੇ ਬਰਾਬਰ ਮੰਨੀ ਜਾਵੇਗੀ।
2. ਉਪਰੋਕਤ ਇਨਾਮ ਉਸ ਸੂਰਤ ਵਿੱਚ ਹੀ ਦਿੱਤੇ ਜਾਣਗੇ ਜੇ ਸਬੰਧਿਤ ਕਲਾਸ ਦੀ ਪ੍ਰੀਖਿਆ ਵਿੱਚ ਬੈਠਣ ਵਾਲੇ ਪ੍ਰੀਖਿਆਰਥੀਆਂ ਦੀ ਗਿਣਤੀ 10 ਤੋਂ ਵੱਧ ਹੋਵੇਗੀ ।
3. ਜਿਹਨਾਂ ਕਲਾਸਾਂ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 10 ਤੋਂ ਘੱਟ ਹੋਵੇਗੀ, ਉਸ ਕਲਾਸ ਵਿੱਚੋਂ ਪਹਿਲੇ/ਦੂਜੇ ਸਥਾਨ ਉੱਪਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਵੀ ਇਨਾਮ ਦਿੱਤੇ ਜਾਣਗੇ ਬਸ਼ਰਤੇ ਕਿ ਉਹਨਾਂ ਨੇ ਪ੍ਰੀਖਿਆ ਵਿੱਚ ਘੱਟ ਤੋਂ ਘੱਟ 70% ਅੰਕ ਪ੍ਰਾਪਤ ਕੀਤੇ ਹੋਣ।

## 2. ਖੇਡਾਂ :

### ੳ) ਰੋਲ ਆਫ਼ ਆਨਰ :

1. ਵਿਦਿਆਰਥੀ ਨੇ ਸੀਨੀਅਰ/ਜੂਨੀਅਰ ਰਾਸ਼ਟਰੀ/ਸਰਵ-ਭਾਰਤੀ/ ਅੰਤਰ-ਯੂਨੀਵਰਸਿਟੀ ਚੈਂਪੀਅਨਸ਼ਿਪ ਵਿੱਚ (ਟੀਮ/ਵਿਅਕਤੀਗਤ ਆਈਟਮ) ਪਹਿਲਾ, ਦੂਜਾ ਸਥਾਨ ਹਾਸਲ ਕੀਤਾ ਹੋਵੇ।

### ਅ) ਕਾਲਜ ਕਲਰ :

1. ਵਿਦਿਆਰਥੀ ਨੇ ਪੰਜਾਬੀ ਯੂਨੀਵਰਸਿਟੀ ਟੀਮ ਦੀ ਕਪਤਾਨੀ ਕੀਤੀ ਹੋਵੇ/ਅੰਤਰ-ਯੂਨੀਵਰਸਿਟੀ ਵਿੱਚ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕੀਤੀ ਹੋਵੇ/ਯੂਨੀਵਰਸਿਟੀ ਮੁਕਾਬਲੇ ਦੌਰਾਨ ਟੀਮ ਮੈਂਬਰ ਵਜੋਂ ਜਾ ਵਿਅਕਤੀਗਤ ਆਈਟਮ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੋਵੇ ।

### ੲ) ਮੈਰਿਟ ਸਰਟੀਫ਼ਿਕੇਟ :

1. ਯੂਨੀਵਰਸਿਟੀ ਮੁਕਾਬਲੇ ਦੌਰਾਨ ਦੂਜੇ ਸਥਾਨ 'ਤੇ ਰਹਿਣ ਵਾਲੀ ਟੀਮ ਦੇ ਮੈਂਬਰਾਂ ਨੂੰ ।
2. ਐਲਾਨੇ ਗਏ ਬੈਸਟ ਐਥਲੀਟ ਨੂੰ (ਲੜਕਾ ਅਤੇ ਲੜਕੀ ਲਈ) ਵੱਖ-ਵੱਖ ।

## ਸਹਿ-ਪਾਠਕ੍ਰਮ ਸਰਗਰਮੀਆਂ :

### 1. ਸੱਭਿਆਚਾਰਕ ਸਰਗਰਮੀਆਂ : ਸ਼੍ਰੀ ਜਗਪਾਲ ਸਿੰਘ - 9463517259 ਅਤੇ ਸ਼੍ਰੀਮਤੀ ਬਲਜਿੰਦਰ ਕੌਰ - 9646237147

ਸੱਭਿਆਚਾਰਕ ਸਰਗਰਮੀਆਂ ਦੇ ਅੰਤਰਗਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੁਵਕ ਭਲਾਈ ਵਿਭਾਗ ਵੱਲੋਂ ਯੁਵਕ ਮੇਲਿਆਂ ਵਿੱਚ ਕਰਵਾਏ ਜਾਂਦੇ ਵਿਭਿੰਨ ਮੁਕਾਬਲਿਆਂ, ਆਈਟਮਾਂ ਅਤੇ ਸਿਰਜਣਾਤਮਿਕ ਸਾਹਿਤ ਲਿਖਣ ਦੇ ਮੁਕਾਬਲੇ ਯੁਵਕ ਮੇਲਿਆਂ ਰਾਹੀਂ ਕਰਵਾਏ ਜਾਂਦੇ ਹਨ। ਇਨ੍ਹਾਂ ਸਰਗਰਮੀਆਂ ਸਬੰਧੀ ਜਾਣਕਾਰੀ ਸਮੇਂ-ਸਮੇਂ ਸਿਰ ਨੋਟਿਸ ਬੋਰਡ ਰਾਹੀਂ ਵਿਦਿਆਰਥੀ ਤੱਕ ਪੁੱਜਦੀ ਕੀਤੀ ਜਾਂਦੀ ਹੈ। ਭਾਗ ਲੈਣ ਵਾਲੇ ਵਿਦਿਆਰਥੀ ਪ੍ਰੋਫ਼ੈਸਰ ਇੰਚਾਰਜ ਨਾਲ ਸੰਪਰਕ ਕਰ ਸਕਦੇ ਹਨ।

### 2. ਯੁਵਕ ਸਰਗਰਮੀਆਂ : ਸ਼੍ਰੀ ਜਗਪਾਲ ਸਿੰਘ - 9463517259 ਅਤੇ ਸ਼੍ਰੀਮਤੀ ਬਲਜਿੰਦਰ ਕੌਰ - 9646237147

ਯੁਵਕ ਸਰਗਰਮੀਆਂ ਦੇ ਅੰਤਰਗਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੁਵਕ ਭਲਾਈ ਵਿਭਾਗ ਅਤੇ ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਵਿਭਿੰਨ ਪ੍ਰਕਾਰ ਦੀਆਂ ਸਰਗਰਮੀਆਂ/ਕੈਂਪਾਂ ਆਦਿ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਵਿਦਿਆਰਥੀ ਨੈਸ਼ਨਲ ਇਨਟੈਗਰੇਸ਼ਨ ਕੈਂਪਾਂ ਵਿੱਚ ਵੀ ਹਿੱਸਾ ਲੈ ਸਕਦੇ ਹਨ। ਇਨ੍ਹਾਂ ਸਰਗਰਮੀਆਂ ਨਾਲ ਜੁੜਨ ਵਾਲੇ ਵਿਦਿਆਰਥੀ ਯੂਥ ਕੋਆਰਡੀਨੇਟਰ (ਪ੍ਰੋ. ਇੰਚਾਰਜ) ਨਾਲ ਸੰਪਰਕ ਕਰਕੇ ਕਾਲਜ ਵਿੱਚ ਯੁਵਕ ਕਲੱਬ ਦੇ ਮੈਂਬਰ ਬਣ ਸਕਦੇ ਹਨ।

### 3. ਐੱਨ.ਐੱਸ.ਐੱਸ. : ਡਾ. ਕਮਲ ਕੁਮਾਰ - 8837617312 ਅਤੇ ਡਾ. ਕੁਸੁਮ ਬਿਡਲਾ - 8360227437

ਕਾਲਜ ਵਿੱਚ ਲੜਕੇ ਅਤੇ ਲੜਕੀਆਂ ਲਈ ਐੱਨ.ਐੱਸ.ਐੱਸ. ਦੇ ਯੂਨਿਟ ਚੱਲ ਰਹੇ ਹਨ। ਐੱਨ.ਐੱਸ.ਐੱਸ. ਵਲੰਟੀਅਰਾਂ ਨੂੰ ਸਲਾਨਾ 7 ਰੋਜ਼ਾ ਕੈਂਪ ਅਤੇ ਸਾਲ ਵਿੱਚ 120 ਘੰਟੇ ਵੱਖ-ਵੱਖ ਇੱਕ ਰੋਜ਼ਾ ਕੈਂਪਾਂ/ਸਮਾਜ ਸੇਵੀ ਕਾਰਜਾਂ ਲਈ ਕੰਮ ਕਰਨਾ ਜ਼ਰੂਰੀ ਹੋਵੇਗਾ। ਦਾਖ਼ਲਾ ਹੋਣ ਉਪਰੰਤ ਨੋਟਿਸ ਰਾਹੀਂ ਵਿਦਿਆਰਥੀਆਂ ਨੂੰ ਇਨ੍ਹਾਂ ਸਰਗਰਮੀਆਂ ਵਿੱਚ ਭਾਗ ਲੈਣ ਲਈ ਵੱਖਰਾ ਫ਼ਾਰਮ ਭਰਨ ਲਈ ਸੂਚਿਤ ਕੀਤਾ ਜਾਵੇਗਾ। ਇਸ ਸਬੰਧੀ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸਰਟੀਫ਼ਿਕੇਟ ਜਾਰੀ ਕੀਤੇ ਜਾਂਦੇ ਹਨ ।

### 4. ਐੱਨ.ਸੀ.ਸੀ. : ਸ਼੍ਰੀ ਜਗਪਾਲ ਸਿੰਘ (ਇੰਚਾਰਜ) - 9463517259

ਕਾਲਜ ਵਿੱਚ ਵਿਦਿਆਰਥੀਆਂ ਲਈ ਇੱਕ ਐੱਨ.ਸੀ.ਸੀ. ਯੂਨਿਟ (ਨੇਵਲ ਵਿੰਗ) ਵੀ ਹੈ। ਇਸ ਵਿੰਗ ਵਿੱਚ ਭਰਤੀ ਹੋਣ ਵਾਲੇ ਵਿਦਿਆਰਥੀਆਂ ਦੀ ਸਿਖਲਾਈ ਦੋ ਸਾਲ ਦੀ ਹੋਵੇਗੀ। ਐੱਨ.ਸੀ.ਸੀ. ਵਿੱਚ ਭਰਤੀ ਹੋਣ ਲਈ ਲੋੜੀਂਦਾ ਫ਼ਾਰਮ ਦਫ਼ਤਰ ਤੋਂ ਪ੍ਰਾਪਤ ਕਰਕੇ ਭਰਨ ਉਪਰੰਤ ਸਮੇਂ ਸਿਰ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ।

### 5. ਰੈੱਡ ਕਰਾਸ ਕਲੱਬ : ਸ਼੍ਰੀਮਤੀ ਕਮਲੇਸ਼ ਕੁਮਾਰੀ (ਇੰਚਾਰਜ) - 6239169373

ਕਾਲਜ ਵਿੱਚ ਰੈੱਡ ਕਰਾਸ ਕਲੱਬ ਦਾ ਗਠਨ ਹਰ ਸਾਲ ਵਿੱਦਿਅਕ ਸੈਸ਼ਨ ਦੇ ਸ਼ੁਰੂ ਵਿੱਚ ਕੀਤਾ ਜਾਂਦਾ ਹੈ। ਵਿਦਿਆਰਥੀ ਕਲੱਬ ਦੇ ਮੈਂਬਰ ਬਣਨ ਲਈ ਪ੍ਰੋਫ਼ੈਸਰ ਇੰਚਾਰਜ ਨਾਲ ਸੰਪਰਕ ਕਰ ਸਕਦੇ ਹਨ ।

6. ਰੈੱਡ ਰਿਬਨ ਕਲੱਬ : ਡਾ. ਹੇਮੰਤ ਕੁਮਾਰੀ - 8284949090

ਵਿਦਿਆਰਥੀਆਂ ਨੂੰ ਏਡਜ਼ ਪ੍ਰਤੀ ਜਾਗਰੂਕ ਕਰਨ ਲਈ ਕਾਲਜ ਵਿੱਚ ਰੈੱਡ ਰਿਬਨ ਕਲੱਬ ਦਾ ਗਠਨ ਹਰ ਸਾਲ ਵਿੱਦਿਅਕ ਸੈਸ਼ਨ ਦੇ ਸ਼ੁਰੂ ਵਿੱਚ ਕੀਤਾ ਜਾਂਦਾ ਹੈ। ਵਿਦਿਆਰਥੀ ਕਲੱਬ ਦੇ ਮੈਂਬਰ ਬਣਨ ਲਈ ਪ੍ਰੋਫ਼ੈਸਰ ਇੰਚਾਰਜ ਨਾਲ ਸੰਪਰਕ ਕਰ ਸਕਦੇ ਹਨ।

7. ਕਾਲਜ ਮੈਗਜ਼ੀਨ "ਸਤਲੁਜ" : ਸ਼੍ਰੀਮਤੀ ਗੁਰਮੀਤ ਕੌਰ (ਇੰਚਾਰਜ) - 8146700225

ਕਾਲਜ ਮੈਗਜ਼ੀਨ "ਸਤਲੁਜ" ਸਾਲ ਵਿੱਚ ਇੱਕ ਵਾਰੀ ਪ੍ਰਕਾਸ਼ਿਤ ਹੁੰਦਾ ਹੈ। ਇਸ ਦੁਆਰਾ ਵਿਦਿਆਰਥੀਆਂ ਨੂੰ ਆਪਣੀ ਸਾਹਿਤਕ ਸਿਰਜਣਾਤਮਿਕਤਾ ਨੂੰ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ।

8. ਸਾਹਿਤ ਸਭਾ : ਸ਼੍ਰੀਮਤੀ ਜੋਤੀ ਭਾਰਦਵਾਰ (ਇੰਚਾਰਜ) - 9915859236

ਵਿਦਿਆਰਥੀਆਂ ਵਿੱਚ ਸਾਹਿਤਕ ਅਤੇ ਸਭਿਆਚਾਰਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਲਈ ਕਾਲਜ ਵਿੱਚ ਸਾਹਿਤ ਸਭਾ ਦਾ ਗਠਨ ਕੀਤਾ ਜਾਂਦਾ ਹੈ, ਜਿਸ ਵਿੱਚ ਵਿਦਿਆਰਥੀ ਆਪਣੀਆਂ ਰਚਨਾਤਮਕ ਅਤੇ ਸਿਰਜਣਾਤਮਿਕ ਕਲਾਵਾਂ ਦਾ ਪ੍ਰਗਟਾਵਾ ਕਰ ਸਕਦੇ ਹਨ।

9. ਕੈਰੀਅਰ ਕੌਂਸਲਿੰਗ ਸੈੱਲ ਅਤੇ ਯੂ.ਜੀ.ਸੀ. ਰਿਸੋਰਸ ਸੈਂਟਰ : ਡਾ. ਹਰਜੀਤ ਕੌਰ (ਇੰਚਾਰਜ) - 95928 62191

ਯੂ.ਜੀ.ਸੀ. ਤੋਂ ਪ੍ਰਾਪਤ ਸਹਾਇਤਾ ਨਾਲ ਕਾਲਜ ਵਿੱਚ ਕੈਰੀਅਰ ਕੌਂਸਲਿੰਗ ਸੈੱਲ, ਐੱਸ. ਸੀ., ਐੱਸ. ਟੀ. ਅਤੇ ਘੱਟ ਗਿਣਤੀ ਵਿਦਿਆਰਥੀਆਂ ਲਈ ਬੁੱਕ ਬੈਂਕ ਅਤੇ ਉਚੇਰੀ ਵਿੱਦਿਆ ਲਈ ਯੂ.ਜੀ.ਸੀ. ਰਿਸੋਰਸ ਸੈਂਟਰ ਕਾਇਮ ਕੀਤਾ ਗਿਆ ਹੈ।

10. ਮਾਪੇ-ਅਧਿਆਪਕ ਸੰਸਥਾ : ਡਾ. ਪਰਵਿੰਦਰ ਸਿੰਘ - 7837719993

ਕਾਲਜ ਪ੍ਰਸ਼ਾਸਨ ਅਤੇ ਮਾਪਿਆਂ ਵਿੱਚ ਨੇੜਤਾ ਹਿੱਤ ਇਹ ਸੰਸਥਾ ਕਾਰਜ ਕਰਦੀ ਹੈ। ਹਰ ਵਿਦਿਆਰਥੀ ਦਾ ਪਿਤਾ/ਮਾਤਾ/ ਸਰਪ੍ਰਸਤ ਇਸ ਦਾ ਮੁੱਢਲਾ ਮੈਂਬਰ ਹੈ। ਇਹ ਸੰਸਥਾ ਕਾਲਜ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੀ ਹੈ।

11. ਟਿਊਟੋਰੀਅਲ ਗਰੁੱਪ : ਸ਼੍ਰੀ ਅਰਸ਼ਦ ਅਲੀ - 9041238556

ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਨੇੜਤਾ ਅਤੇ ਸਾਂਝ ਵਧਾਉਣ ਲਈ ਟਿਊਟੋਰੀਅਲ ਗਰੁੱਪ ਪ੍ਰਣਾਲੀ ਲਾਗੂ ਹੈ। ਟਿਊਟੋਰੀਅਲ ਗਰੁੱਪ ਨਾਲ ਵਿਦਿਆਰਥੀਆਂ ਨੂੰ ਅਧਿਆਪਕਾਂ ਨਾਲ ਵਿਚਾਰ-ਵਟਾਂਦਰੇ ਰਾਹੀਂ ਅਨੇਕ ਪੱਖਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਵਿਦਿਆਰਥੀਆਂ ਦੀ ਹਰੇਕ ਕਿਸਮ ਦੀ ਅਰਜ਼ੀ ਤਾਂ ਹੀ ਵਿਚਾਰੀ ਜਾਵੇਗੀ ਜੇਕਰ ਉਸ ਉੱਪਰ ਟਿਊਟਰ ਵੱਲੋਂ ਸਿਫ਼ਾਰਿਸ਼ ਕੀਤੀ ਹੋਈ ਹੋਵੇਗੀ ।

## ਕਾਲਜ ਕੰਟੀਨ

ਕਾਲਜ ਦੀ ਕੰਟੀਨ ਤੋਂ ਵਾਜਬ ਕੀਮਤਾਂ 'ਤੇ ਖਾਣ-ਪੀਣ ਦੀਆਂ ਵਸਤਾਂ ਉਪਲੱਬਧ ਹਨ । ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਕੰਟੀਨ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਣ।

## ਲਾਈਬ੍ਰੇਰੀ

ਕਾਲਜ ਵਿੱਚ ਕਿਤਾਬਾਂ ਨਾਲ ਭਰਪੂਰ ਸ਼ਾਨਦਾਰ ਲਾਇਬ੍ਰੇਰੀ ਹੈ। ਲਾਇਬ੍ਰੇਰੀ ਵਿੱਚ ਅਖ਼ਬਾਰਾਂ, ਰਸਾਲਿਆਂ ਦੇ ਨਾਲ-ਨਾਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਜਰਨਲ ਵੀ ਉਪਲਬਧ ਹਨ। ਲਾਇਬ੍ਰੇਰੀ ਵਿੱਚ ਹੀ ਯੂ.ਜੀ.ਸੀ. ਰਿਸੋਰਸ ਨੈੱਟਵਰਕ ਸੈਂਟਰ, 'ਜਿਸ ਵਿੱਚ ਇੰਟਰਨੈੱਟ, ਪ੍ਰਿੰਟਿੰਗ ਅਤੇ ਸਕੈਨਿੰਗ ਸੁਵਿਧਾਵਾਂ ਹਨ, ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਆਮ ਵਰਤੋ ਲਈ ਉਪਲੱਬਧ ਹੈ।

## ਸ਼ਨਾਖ਼ਤੀ ਕਾਰਡ

ਹਰ ਵਿਦਿਆਰਥੀ ਨੂੰ ਕਾਲਜ ਵਲੋਂ ਇੱਕ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ। ਇਹ ਸ਼ਨਾਖਤੀ ਕਾਰਡ ਵਿਦਿਆਰਥੀਆਂ ਨੂੰ ਹਰ ਸਮੇਂ ਆਪਣੇ ਗਲੇ ਵਿੱਚ ਪਾ ਕੇ ਰੱਖਣਾ ਪਵੇਗਾ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਦੇਣਾ ਪਵੇਗਾ। ਸ਼ਨਾਖਤੀ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਵਿਦਿਆਰਥੀਅ ਨੂੰ ਇਸ ਦੀ ਪੂਲਿਸ ਰਿਪੋਰਟ ਦਰਜ ਕਰਵਾਉਣੀ ਪਵੇਗੀ ਅਤੇ ਉਸ ਰਿਪੋਰਟ ਦੀ ਕਾਪੀ ਕਾਲਜ ਵਿੱਖੇ ਕਮ੍ਹਾਂ ਕਰਵਾਉਣੀ ਪਵੇਗੀ। ਉਸ ਤੋਂ ਬਾਅਦ ਹੀ ਉਸ ਨੂੰ ਨਵਾਂ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ ਜਿਸ ਦੀ ਫੀਸ 50/- ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ।

## ਬੱਸ ਪਾਸ

ਪੰਜਾਬ ਰੋਡਵੇਜ਼ ਨੰਗਲ ਡਿਪੂ ਵੱਲੋਂ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ **ਬੱਸ ਪਾਸ ਦੀ ਸਹੂਲਤ ਉਪਲਬਧ** ਕਰਵਾਈ ਜਾਂਦੀ ਹੈ। ਇੱਛੁਕ ਵਿਦਿਆਰਥੀ ਕਾਲਜ ਵੈਬ-ਸਾਇਟ ਤੇ ਆਨ-ਲਾਇਨ ਲਾਗਇੰਨ ਕਰਕੇ ਬੱਸ ਪਾਸ ਦਾ ਫਾਰਮ ਭਰਨਗੇ ਅਤੇ ਫਾਰਮ ਦੀ ਕਾਪੀ ਅਗਲੇਰੀ ਕਾਰਵਾਈ ਲਈ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਗੇ।

## ਸਾਈਕਲ/ਸਕੂਟਰ ਸਟੈਂਡ

ਲੜਕੇ ਅਤੇ ਲੜਕੀਆਂ ਵਾਸਤੇ ਸਾਈਕਲ ਸਟੈਂਡ ਉਪਲੱਬਧ ਹੈ। ਵਿਦਿਆਰਥੀਆਂ ਨੂੰ ਇਸ ਵਾਸਤੇ ਨਿਰਧਾਰਤ ਫ਼ਾਰਮ ਭਰਨਾ ਪਵੇਗਾ। ਨਿਸ਼ਚਿਤ ਫ਼ੀਸ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣੀ ਵਿਦਿਆਰਥੀਆਂ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਫ਼ੀਸ ਦਿੱਤੇ ਬਿਨਾਂ ਅਣ-ਅਧਿਕਾਰਤ ਤੌਰ 'ਤੇ ਜੇ ਕੋਈ ਵਿਦਿਆਰਥੀ ਆਪਣਾ ਸਕੂਟਰ ਜਾਂ ਸਾਇਕਲ ਸ਼ੈੱਡ ਵਿੱਚ ਖੜ੍ਹਾਏਗਾ ਤਾਂ ਉਸ ਤੋਂ ਸਾਲ ਦੀ ਫ਼ੀਸ 'ਤੋਂ ਇਲਾਵਾ 100/- ਰੁਪਏ ਤੱਕ ਦਾ ਜ਼ੁਰਮਾਨਾ ਵਸੂਲ ਕੀਤਾ ਜਾਵੇਗਾ ਅਤੇ ਲੋੜ ਪੈਣ 'ਤੇ ਵਾਹਨ ਵੀ ਜ਼ਬਤ ਕੀਤਾ ਜਾ ਸਕਦਾ ਹੈ । ਵਿਦਿਆਰਥੀਆਂ ਲਈ ਕਾਲਜ ਵਿੱਚ ਕਾਰ ਪਾਰਕਿੰਗ ਦੀ ਸੁਵਿਧਾ ਨਹੀਂ ਹੈ। ਜੇਕਰ ਕੋਈ ਵਿਦਿਆਰਥੀ/ਸਟਾਫ ਮੈਂਬਰ ਕਾਲਜ ਵਿੱਚ ਸਕੂਟਰ/ ਮੋਟਰਸਾਇਕਲ ਲੈ ਕੇ ਆਉਂਦਾ ਹੈ ਤਾਂ ਉਸਦਾ ਹੈਲਮੇਟ ਪਾਉਣਾ ਜ਼ਰੂਰੀ ਹੈ। ਹੈਲਮੇਟ ਨਾ ਪਾਉਣ ਦੀ ਸੂਰਤ ਵਿੱਚ ਆਪਣਾ ਸਕੂਟਰ /ਮੋਟਰਸਾਇਕਲ ਕਾਲਜ ਦੀ ਪਾਰਕਿੰਗ ਵਿਚ ਖੜ੍ਹਾ ਨਹੀਂ ਕਰ ਸਕਦਾ।

## ਐਂਟੀ ਰੈਗਿੰਗ ਸੈਲ

ਮਾਨਯੋਗ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਕਾਲਜ ਵਿੱਚ ਰੈਗਿੰਗ ਕਰਨਾ ਅਤੇ ਭਾਗ ਲੈਣਾ ਜ਼ੁਰਮ ਹੈ। ਰੈਗਿੰਗ ਨੂੰ ਰੋਕਣ ਲਈ ਐਂਟੀ ਰੈਗਿੰਗ ਸੈੱਲ ਕਾਲਜ ਵਿੱਚ ਸਥਾਪਿਤ ਹੈ । ਇਸ ਸਬੰਧ ਵਿੱਚ ਕਾਲਜ ਵਿੱਚ ਦਾਖ਼ਲ ਹਰ ਇੱਕ ਵਿਦਿਆਰਥੀ ਨੇ ਇੱਕ ਹਫ਼ਤੇ ਦੇ ਅੰਦਰ www.antiragging.in ਵੈਬਸਾਇਟ 'ਤੇ ਜਾ ਕੇ ਆਪਣੇ ਆਪ ਨੂੰ ਆਨ-ਲਾਈਨ ਰਜਿਸਟਰ ਕਰਵਾਉਣਾ ਹੈ ਅਤੇ ਉਸ ਦੀ ਹਾਰਡ ਕਾਪੀ ਜਮ੍ਹਾਂ ਕਰਵਾਉਣ 'ਤੇ ਹੀ ਉਸਨੂੰ ਕਾਲਜ ਦਾ ਸ਼ਨਾਖ਼ਤੀ ਕਾਰਡ ਜਾਰੀ ਕੀਤਾ ਜਾਵੇਗਾ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ।

## ਕਾਲਜ ਛੱਡਣ ਸਬੰਧੀ ਨਿਯਮ

ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਬਕਾਇਦਾ ਅਤੇ ਉਪਚਾਰਿਕ ਤੌਰ 'ਤੇ ਪੱਤਰ ਰਾਹੀਂ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ 'ਤੇ ਕੱਟਿਆ ਨਹੀਂ ਜਾਂਦਾ, ਉਸ ਨੂੰ ਕਾਲਜ ਦੇ ਭਰਨ-ਯੋਗ ਖ਼ਰਚੇ, ਜ਼ੁਰਮਾਨੇ ਆਦਿ ਜੋ ਉਸ ਵੱਲ ਨਿਕਲਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥੀਆਂ ਵੱਲ ਜੁਰਮਾਨੇ ਦੇ ਬਕਾਏ ਜਾਂ ਲਾਇਬ੍ਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣ, ਉਨ੍ਹਾਂ ਨੂੰ ਪ੍ਰਮਾਣ-ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ ।

## ਅਨੁਸ਼ਾਸਨ

1. ਕਾਲਜ ਵਿੱਚ ਇੱਕ ਰਜਿਸਟਰ ਹੋਵੇਗਾ ਜਿਸ ਵਿੱਚ ਵਿਦਿਆਰਥੀ ਦੀਆਂ ਸਰਗਰਮੀਆਂ ਅਤੇ ਆਚਰਨ ਸਬੰਧੀ ਇੰਦਰਾਜ ਦਰਜ਼ ਕੀਤੇ ਜਾਣਗੇ । ਜਿਸ ਦੇ ਆਧਾਰ 'ਤੇ ਹੀ ਚਰਿੱਤਰ ਸਰਟੀਫ਼ਿਕੇਟ ਜਾਰੀ ਕੀਤਾ ਜਾਵੇਗਾ।
2. ਕਾਲਜ ਵਿੱਚ ਅਣਚਾਹੇ ਬਾਹਰਲੇ ਅਨਸਰਾਂ ਜਾਂ ਦੋਸਤਾਂ-ਮਿੱਤਰਾਂ ਨੂੰ ਲਿਆਉਣ ਦੀ ਮੁਕੰਮਲ ਮਨਾਹੀ ਹੈ । ਜੇ ਕੋਈ ਰਿਸ਼ਤੇਦਾਰ ਮਿਲਣਾ ਚਾਹੇ ਤਾਂ ਸਿੱਧਾ ਕਲਾਸ ਵਿੱਚ ਜਾਣ ਦੀ ਥਾਂ ਪਹਿਲਾਂ ਦਫ਼ਤਰ ਵਿੱਚ ਆ ਕੇ ਆਗਿਆ ਲਵੇਗਾ ।
3. ਅਨੁਸ਼ਾਸ਼ਨਹੀਣਤਾ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢਿਆ ਜਾ ਸਕਦਾ ਹੈ।
4. ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਾਲਜ ਵਿੱਚ ਸਹੀ ਢੰਗ ਨਾਲ ਵਸਤਰ ਪਹਿਨਣ ।
5. ਕਾਲਜ ਕੈਂਪਸ/ਕਲਾਸ ਰੂਮ ਵਿੱਚ ਵਿਦਿਆਰਥੀ ਆਪਣੇ ਮੋਬਾਇਲ ਸੈੱਟ ਸਾਇਲੈਂਟ ਮੋਡ 'ਤੇ ਰੱਖਣਗੇ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੋਬਾਇਲ ਸੈੱਟ ਜ਼ਬਤ ਕੀਤਾ ਜਾ ਸਕਦਾ ਹੈ ।
6. ਹਰ ਵਿਦਿਆਰਥੀ/ਸਟਾਫ਼ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਦਿੱਤੀ ਜਾਂਦੀ ਹੈ।
7. ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਪਾਸੋਂ ਕਾਲਜ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨ ਦੀ ਆਸ ਕੀਤੀ ਜਾਂਦੀ ਹੈ। ਅਨੁਸ਼ਾਸ਼ਨ ਵਿਰੋਧੀ ਗਤੀਵਿਧੀਆਂ ਵਿੱਚ ਪੈਣ ਵਾਲੇ ਵਿਦਿਆਰਥੀ ਪ੍ਰਤੀ ਲੋੜੀਂਦਾ ਸਖ਼ਤ ਵਤੀਰਾ ਅਖ਼ਤਿਆਰ ਕਰਨ ਦਾ ਅੰਤਿਮ ਅਧਿਕਾਰ ਪ੍ਰਿੰਸੀਪਲ ਸਾਹਿਬ ਨੂੰ ਪ੍ਰਾਪਤ ਹੈ ।
8. ਕਾਲਜ ਵਿੱਚ ਦਾਖ਼ਲੇ, ਨਾਂ ਕਟਵਾਉਣ ਅਤੇ ਕਾਲਜ ਸਬੰਧੀ ਕਿਸੇ ਕੰਮ ਦੀ ਪੁੱਛ-ਗਿੱਛ ਲਈ ਪੱਤਰ-ਵਿਹਾਰ ਸਿੱਧਾ ਪ੍ਰਿੰਸੀਪਲ ਸਾਹਿਬ ਨਾਲ ਕੀਤਾ ਜਾਣਾ ਚਾਹੀਦਾ ਹੈ । ਵਿਦਿਆਰਥੀ ਦੇ ਮਾਪਿਆਂ ਜਾਂ ਕਿਸੇ ਸਰਪ੍ਰਸਤਾਂ ਵਲੋਂ ਆਏ ਚੰਗੇ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ ।
9. ਪ੍ਰਿੰਸੀਪਲ ਸਾਹਿਬ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕੋਈ ਮੀਟਿੰਗ ਨਹੀਂ ਕੀਤੀ ਜਾ ਸਕਦੀ ।
10. ਪ੍ਰਾਸਪੈਕਟ ਵਿੱਚ ਦਿੱਤੇ ਨਿਯਮਾਂ/ਸ਼ਰਤਾਂ ਅਤੇ ਹੋਰ ਜਾਣਕਾਰੀ ਵਿੱਚ ਕੋਈ ਵੀ ਤਬਦੀਲੀ ਬਿਨ੍ਹਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਿੰਸੀਪਲ ਸਾਹਿਬ ਵਲੋਂ ਕੀਤੀ ਜਾ ਸਕਦੀ ਹੈ ਅਤੇ ਇਹ ਸਮੂਹ ਸਬੰਧਿਤ 'ਤੇ ਲਾਗੂ ਹੋਵੇਗੀ ।
11. ਕਾਲਜ-ਕੈਂਪਸ ਵਿੱਚ ਸਿਗਰਟ, ਤੰਬਾਕੂ, ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਵਰਤੋਂ ਕਰਨ ਅਤੇ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ ਦੀ ਸਖ਼ਤ ਮਨਾਹੀ ਹੈ ।
12. ਕਾਲਜ-ਕੈਂਪਸ ਨੂੰ ਸਾਫ਼ ਰੱਖਣਾ ਹਰ ਵਿਦਿਆਰਥੀ ਦਾ ਫ਼ਰਜ਼ ਹੈ।

**ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਵੀਜ਼ਨ ਬੈਂਚ ਵਲੋਂ ਸਿਵਲ ਰਿੱਟ ਪਟੀਸ਼ਨ ਨੰ: 11387/2001 ਰਾਹੀਂ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਟਰੱਕਾਂ/ਟਰੈਕਟਰ ਟਰਾਲੀ ਅਤੇ ਗੈਰ ਮਾਨਤਾ ਪ੍ਰਾਪਤ ਵਾਹਨਾਂ ਦੁਆਰਾ ਸਫ਼ਰ ਕਰਨਾ ਹਾਨੀਕਾਰਕ ਹੈ ਅਤੇ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ ।**

## ਛੁੱਟੀ ਬਾਰੇ ਸੂਚਨਾ

1) ਜ਼ਰੂਰੀ ਕੰਮ/ਬੀਮਾਰੀ ਦੀ ਸੂਰਤ ਵਿੱਚ ਇੱਕ ਦਿਨ ਦੀ ਛੁੱਟੀ ਟਿਊਟਰ ਮਨਜ਼ੂਰ ਕਰੇਗਾ ।
2) ਇੱਕ ਤੋਂ ਤਿੰਨ ਦਿਨ ਦੀ ਛੁੱਟੀ ਟਿਊਟਰ ਦੀ ਸਿਫ਼ਾਰਿਸ਼ ਨਾਲ ਚੀਫ਼ ਟਿਊਟਰ ਮਨਜ਼ੂਰ ਕਰੇਗਾ ।
3) ਤਿੰਨ ਦਿਨ ਤੋਂ ਵੱਧ ਦਿਨ ਦੀ ਛੁੱਟੀ ਲਈ ਚੀਫ਼ ਟਿਊਟਰ ਦੀ ਸਿਫ਼ਾਰਿਸ਼ ਨਾਲ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾਉਣੀ ਪਵੇਗੀ ।
4) ਲੈਕਚਰ ਸ਼ਾਰਟੇਜ਼ ਦੇ ਮਾਮਲੇ ਵਿੱਚ ਛੁੱਟੀ ਵਾਲੇ ਸਮੇਂ ਲਈ ਵਿਦਿਆਰਥੀ ਨੂੰ ਕੋਈ ਲੈਕਚਰ ਰਾਹਤ ਨਹੀਂ ਦਿੱਤੀ ਜਾਵੇਗੀ।
5) ਕਾਲਜ ਨਾਲ ਸਬੰਧਿਤ ਕਿਸੇ ਸਰਗਰਮੀ (Activity) ਵਿੱਚ ਭਾਗ ਲੈਣ ਲਈ ਭੇਜੇ ਗਏ ਵਿਦਿਆਰਥੀ ਸੋਸਾਇਟੀ/ਖੇਡਾਂ ਦੇ ਇੰਚਾਰਜ ਪ੍ਰੋਫ਼ੈਸਰ ਦੀ ਸਿਫ਼ਾਰਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਟਿਊਟਰ ਨੂੰ ਦੇਣ।
6) ਹਾਜ਼ਰੀਆਂ ਦੀ ਸਹੂਲੀਅਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਿਤ (Authorised) ਵਿਦਿਆਰਥੀ ਨੂੰ ਹੀ ਮਿਲੇਗੀ।

## ਹਾਜ਼ਰੀਆਂ ਅਤੇ ਦੁਬਾਰਾ ਦਾਖ਼ਲੇ ਸਬੰਧੀ

1) ਜਿਹੜਾ ਵਿਦਿਆਰਥੀ ਫ਼ੀਸ ਜਮ੍ਹਾਂ ਕਰਵਾ ਦਿੰਦਾ ਹੈ ਪਰ ਲਗਾਤਾਰ 10 ਦਿਨ ਕਲਾਸਾਂ ਨਹੀਂ ਲਗਾਉਂਦਾ ਤਾਂ ਉਸਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਵਿਦਿਆਰਥੀ ਜੇਕਰ ਨਾਮ ਕੱਟਣ ਦੀ ਮਿਤੀ ਤੋਂ ਦੋ ਹਫ਼ਤੇ ਦੇ ਅੰਦਰ-ਅੰਦਰ ਸਥਿਤੀ ਸਪੱਸ਼ਟ ਕਰਦਿਆਂ ਮੁੜ ਦਾਖ਼ਲੇ ਲਈ ਬੇਨਤੀ ਕਰਦਾ ਹੈ ਤਾਂ ਪ੍ਰਿੰਸੀਪਲ ਦੁਆਰਾ ਸਥਿਤੀ ਨੂੰ ਦੇਖਦੇ ਹੋਏ ਮੈਰਿਟ ਦੇ ਆਧਾਰ 'ਤੇ ਕੇਸ ਦਾ ਫੈਸਲਾ ਕੀਤਾ ਜਾਵੇਗਾ ।
2) ਜਿਹੜਾ ਵਿਦਿਆਰਥੀ ਅਕਾਦਮਿਕ ਸੈਸ਼ਨ ਦੌਰਾਨ ਕਿਸੇ ਵਿਸ਼ੇ ਵਿੱਚ ਵੀ ਲਗਾਤਾਰ 10 ਦਿਨ ਗ਼ੈਰ-ਹਾਜ਼ਰ ਰਹਿੰਦਾ ਹੈ। ਉਸ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਜੇਕਰ ਅਜਿਹਾ ਵਿਦਿਆਰਥੀ ਨਾਂ ਕੱਟਣ ਦੀ ਮਿਤੀ ਤੋਂ 2 ਹਫ਼ਤੇ ਦੇ ਵਿੱਚ ਪ੍ਰਿੰਸੀਪਲ ਨੂੰ ਦੁਬਾਰਾ ਦਾਖ਼ਲੇ ਲਈ ਅਰਜ਼ੀ ਦੇ ਕੇ ਦਾਖ਼ਲਾ ਨਹੀਂ ਲੈਂਦਾ ਤਾਂ ਉਸ ਨੂੰ ਦੁਬਾਰਾ ਦਾਖ਼ਲਾ ਨਹੀਂ ਦਿੱਤਾ ਜਾਵੇਗਾ ।
3) ਜਿਨ੍ਹਾਂ ਵਿਦਿਆਰਥੀਆਂ ਦਾ ਕਾਲਜ ਵਿਚੋਂ ਨਾਂ ਕੱਟਿਆ ਜਾਂਦਾ ਹੈ। ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਿਦਿਆਰਥੀ ਦੇ ਨਾਲ ਦੁਬਾਰਾ ਦਾਖ਼ਲਾ ਲੈਣ ਲਈ ਆਉਣਾ ਜ਼ਰੂਰੀ ਹੈ ।
4) ਪ੍ਰੀਖਿਆ ਪਾਤਰਤਾ ਬਾਰੇ ਸ਼ਰਤਾਂ ਪੂਰੀਆਂ ਨਾ ਹੋਣ ਦੀ ਸੂਰਤ ਵਿੱਚ ਕਿਸੇ ਵੀ ਵਿਦਿਆਰਥੀ ਨੂੰ ਰੈਗੂਲਰ ਤੋਂ ਪ੍ਰਾਈਵੇਟ ਤੌਰ 'ਤੇ ਇਮਤਿਹਾਨ ਦੇਣ ਦੀ ਆਗਿਆ ਨਹੀਂ ਹੋਵੇਗੀ ।

## ਨੋਟ :-

1) ਕਾਲਜ ਛੱਡਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਜੇਕਰ ਲਾਇਬ੍ਰੇਰੀ ਦੀ ਜ਼ਮਾਨਤ ਨਾ ਕਢਵਾਈ ਗਈ ਤਾਂ ਇਹ ਜ਼ਬਤ ਹੋ ਜਾਵੇਗੀ ।
2) ਸਰਕਾਰ ਅਤੇ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਫ਼ੀਸਾਂ ਦੀ ਦਰ ਵਿੱਚ ਤਬਦੀਲੀ ਹੋ ਸਕਦੀ ਹੈ। ਫ਼ੀਸ ਨਿਸ਼ਚਿਤ ਮਿਤੀ ਤੱਕ ਡੈਬਿਟ ਕਾਰਡ/ਕ੍ਰੈਡਿਟ ਕਾਰਡ ਜਾਂ ਨੈੱਟ ਬੈਂਕਿੰਗ ਰਾਹੀਂ ਜਮ੍ਹਾਂ ਕਰਵਾਈ ਜਾਵੇ। ਅਦਾਇਗੀ ਵਿੱਚ ਦੇਰੀ ਕਰਨ 'ਤੇ 10 ਰੁਪਏ ਪ੍ਰਤੀ ਦਿਨ ਜੁਰਮਾਨਾ ਵਸੂਲ ਕੀਤਾ ਜਾਵੇਗਾ। ਨਿਸ਼ਚਿਤ ਮਿਤੀ ਤੱਕ ਫ਼ੀਸ ਦੀ ਅਦਾਇਗੀ ਨਾ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ ਬਿਨ੍ਹਾਂ ਕਿਸੇ ਸੂਚਨਾ ਦੇ ਆਪਣੇ ਆਪ ਦਫ਼ਤਰ ਵਲੋਂ ਕੱਟ ਦਿੱਤੇ ਜਾਣਗੇ ।
3) ਜੇਕਰ ਵਿਦਿਆਰਥੀ ਕਾਲਜ-ਫ਼ੀਸਾਂ ਦੀ ਅਦਾਇਗੀ ਨਹੀਂ ਕਰਦਾ, ਮੋੜਵੀਂ ਜ਼ਮਾਨਤ ਵਾਪਿਸ ਨਹੀਂ ਕੀਤੀ ਜਾਵੇਗੀ।

## ਸਟਾਫ਼ ਅਤੇ ਵਿਦਿਆਰਥੀਆਂ ਲਈ ਬਰੌਡਬੈਂਡ ਇੰਟਰਨੈੱਟ ਸੁਵਿਧਾ

ਕਾਲਜ ਦੇ ਯੂ.ਜੀ.ਸੀ., ਐੱਨ.ਆਰ.ਸੀ., (ਲਾਇਬ੍ਰੇਰੀ) ਅਤੇ ਕੰਪਿਊਟਰ ਸੈਂਟਰ ਵਿੱਖੇ ਸਟਾਫ਼ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਇੰਟਰਨੈੱਟ ਸੁਵਿਧਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸੁਵਿਧਾ ਨਾਲ ਵਿਦਿਆਰਥੀ ਆਪਣੇ ਵਿੱਦਿਅਕ ਅਤੇ ਆਮ ਗਿਆਨ ਵਿੱਚ ਵਾਧਾ ਕਰ ਸਕਦੇ ਹਨ ।

# RULES OF DISCIPLINE

1. Regular attendance means regular attendance in all the periods in a day. The students who will remain absent for a long period without permission, are liable to be fined and their names will be struck off the college rolls.
2. Students are required to attend the special addresses to be delivered by the Principal, teachers or any other prominent personalities on academic and cultural topics.
3. Students should keep the campus neat and clean. Dustbins kept at various places should be used properly. Plucking of flowers is strictly prohibited. The student found guilty can be imposed heavy fines.
4. Students found guilty for the damage of public property such as desks, chairs, benches, window panes, fans etc. are liable to pay for the new item. They will also be imposed a special fine. No meeting is allowed without prior permission of the Principal.
5. Students are allowed to approach the Principal through proper channel to discuss their problems. Without permission it will be considered as violation of disciplinary rules.
6. Every student is required to keep the identity card with him/her. It should be produced on demand by any responsible authority of the college.
7. Smoking, drinking, playing cards and gambling is strictly prohibited inside the college campus. Driving is banned in the sports ground.
8. Students in the college campus/class rooms should put their mobile phone on silent mode. Any student who violates this, will be fined and his/her mobile phone will be seized.
9. The Principal is the final authority to decide about any activity of the students such as misconduct or violation of the discipline. The students involved in such activities can be fined, rusticated/expelled from the college or may be blacklisted.
10. Principal has the full authority to change any rule in the mid session. The rules can also be modified according to the instructions issued by Punjabi University, Patiala.

## ਬੇ-ਦਾਅਵਾ

ਪ੍ਰਾਸਪੈਕਟ ਵਿੱਚ ਛਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀਂ ਅਤੇ ਤੱਥ ਆਧਾਰਿਤ ਹੈ ਫਿਰ ਵੀ ਕਾਲਜ/ਪ੍ਰਸ਼ਾਸਨ ਜਾਂ ਪ੍ਰਾਸਪੈਕਟਸ ਕਮੇਟੀ, ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਪ੍ਰਕਾਰ ਦੀ ਊਣਤਾਈ ਲਈ ਕਾਨੂੰਨੀ ਤੋਰ ਤੇ ਜਿੰਮੇਵਾਰ ਨਹੀਂ ਹੋਵੇਗੀ। ਇਸ ਸੈਸ਼ਨ ਵਿੱਚ ਲੋੜ ਪੈਣ 'ਤੇ ਵਿਨਾਂ ਅਗਾਊਂ ਸੂਚਨਾ ਦਿੱਤੇ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਕੋਈ ਹੋਰ ਸਮੱਰਥ ਅਧਿਕਾਰੀ ਸੰਸਥਾ ਵੱਲੋਂ ਦਿਸ਼ਾਂ ਨਿਦਰੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

# JAGAT GURU NANAK DEV

## PUNJAB STATE OPEN UNIVERSITY, PATIALA

A State University Established by Govt. of Punjab vide Act. no. 19 of 2019 and Approved Under Section 2(1) of UGC

## ਸਕਿਲ ਡਿਵੈਲਪਮੈਂਟ ਕੋਰਸ

ਸਰਕਾਰੀ ਸ਼ਿਵਾਲਿਕ ਕਾਲਜ, ਨਯਾ ਨੰਗਲ ਕਾਲਜ ਵਲੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਹੇਠ ਦਰਸਾਏ ਸਰਟੀਫ਼ਿਕੇਟ ਕੋਰਸ ਸ਼ੁਰੂ ਕੀਤੇ ਜਾ ਚੁੱਕੇ ਹਨ। ਕੋਈ ਵੀ ਵਿਦਿਆਰਥੀ ਜੋ ਕਿਸੇ ਵੀ ਸੰਸਥਾ ਵਿੱਚ ਪੜ੍ਹ ਰਿਹਾ ਹੈ ਜਾਂ ਆਪਣੀ ਪੜ੍ਹਾਈ ਖ਼ਤਮ ਕਰ ਚੁੱਕਿਆ ਹੈ, ਉਹ ਇਹ ਕੋਰਸ ਕਰ ਸਕਦੇ ਹਨ। ਰੈਗੂਲਰ ਪੜ੍ਹਾਈ ਦੇ ਨਾਲ-ਨਾਲ ਵੀ ਇਹ ਕੋਰਸ ਕੀਤੇ ਜਾ ਸਕਦੇ ਹਨ। ਇਹ ਕਿੱਤਾ ਮੁਖੀ ਕੋਰਸ ਸਵੈ-ਰੁਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਵਿੱਚ ਸਹਾਈ ਹੋਣਗੇ। ਇਨ੍ਹਾਂ ਕਰੋਸਾਂ ਦੀ ਫ਼ੀਸ ਅਤੇ ਯੋਗਤਾ ਹੇਠ ਲਿਖੇ ਅਨੁਸਾਰ ਹੈ ।

- **COMPUTER AIDED ACCOUNTING**
- **DIGITAL MARKETING**
- **CERTIFICATE COURSE - DURATION 06 MONTH**
- **COURSE FEE - 3000/-**

**ਯੋਗਤਾ :- +2 ਪਾਸ ਜਾਂ +2 ਵਿੱਚ ਪੜ੍ਹ ਰਿਹਾ ਹੋਵੇ ।**

**ਵਿਦਿਆਰਥੀ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਯੂਨੀਵਰਸਿਟੀ ਦੀ ਵੈਬਸਾਈਟ www.psou.ac.in ਦੇਖ ਸਕਦੇ ਹਨ ।**

**Contact :- Smt. Darshan Kaur, Coordinator, M.: 8264856478**

# ਕਾਲਜ ਸਰਗਰਮੀਆਂ



























# ਕਾਲਜ ਸਰਗਰਮੀਆਂ


ਸਰਕਾਰੀ ਸ਼ਿਵਾਲਿਕ ਕਾਲਜ ਨਯਾ ਨੰਗਲ


GOVERNMENT SHIVALIK COLLEGE
NAYA NANGAL
National Science Day
Guest of Honor










GOV'T SHIVALIK COLLE
NAYA NANGAL
WORLD ENVIRONMENT DAY






NOT ME BUT YOU
GOVT. SHIVALIK COL
Naya Nangal
National Cadet Corps
( Duty, Unity and Disciplin




RED RIBBON CLUB